
NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles - Dedicated Truck
Desirable Lanes to the U.S.
U.S. Teams - New Dedicated Truck
Canadian Teams - New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


ASIAN FOOD CENTRE
FRESH & LARGE VARIETY
Bread , Derry & Eggs
Fruits & Vegetables
Sweet & Samosas
Branded Foods
Beverages & Confectionery
Grocery & Staples
VEGETARIAN FOOD
HEALTHY EATING
SERVING FROM 10 LOCATIONS IN ALL THE GTA AREA:
10 Westmore Drive
Etobicoke ON M9V-3Z7
416-740-3262
2120 North park Drive
Brampton ON L6S 0C9
905-793-1338
10510 Torbram Road,
Brampton
905-790-0030
308 Eddystone Ave
North York ON M3N-1H7
416-740-3360
621 Wanless drive, # 122
Brampton ON L7A 0A9
905-495-3336
284 Orenda Road #13
Brampton ON L6T 5S3
905-450-9167
10 Pannahill Dr,
Brampton
905 913-8017
80 Pertosa Drive
Brampton ON L5X-5E9
905-460-0009
1075 Ceremonial Drive
Mississauga ON L5R 2Z4
905-502-1600
21 Lacoste Blvd,
Brampton, ON L6P 2K2
905 794-8109

# ਪੰਜਾਬ ਵਿੱਚ ਮੰਤਰੀਆਂ ਅਤੇ ਅਫਸਰਾਂ ਦੇ ਵਿਵਾਦ ਦੌਰਾਨ ਪਰਗਟ ਸਿੰਘ ਦੀ ਐਂਟਰੀ

*** ਰਾਜ ਸਰਕਾਰ ਦੇ ਨਾਲ ਕੇਂਦਰ ਦੀ ਵੀ ਨੁਕਤਾਚੀਨੀ**

ਜਲੰਧਰ, 17 ਮਈ, (ਪੋਸਟ ਬਿਊਰੋ)- ਪੰਜਾਬ ਦੇ ਮੰਤਰੀਆਂ ਅਤੇ ਸੀਨੀਅਰ ਅਫਸਰਾਂ ਦੇ ਵਿਵਾਦ ਦੌਰਾਨ ਜਲੰਧਰ ਕੈਂਟ ਹਲਕੇ ਦੇ ਵਿਧਾਇਕ ਪਰਗਟ ਸਿੰਘ ਨੇ ਅੱਜ ਰਾਜ ਦੀ ਸਰਕਾਰ ਉੱਤੇ ਸਖਤ ਟਿਪਣੀਆਂ ਕੀਤੀਆਂ ਹਨ। ਬੇਸ਼ੱਕ ਵੱਧ ਜ਼ੋਰ ਉਨ੍ਹਾਂ ਦਾ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ ਉੱਤੇ ਰਿਹਾ, ਪਰ ਕੇਂਦਰ ਸਰਕਾਰ ਉੱਤੇ ਵੀ ਗੁੱਸਾ ਕੱਢਿਆ ਹੈ।

ਭਾਰਤੀ ਹਾਕੀ ਟੀਮ ਦੇ ਸਾਬਕਾ ਕੈਪਟਨ ਪਰਗਟ ਸਿੰਘ ਨੇ ਪੰਜਾਬ ਦੀ ਰਾਜਨੀਤੀ ਵਿੱਚ ਪੈਨਲਟੀ ਸਟਰੋਕ ਲਾਉਣ ਵਾਂਗ ਅੱਜ ਏਥੇ ਕਿਹਾ ਹੈ ਕਿ ਇਹ ਸਮਾਂ ਆਪਸੀ ਲੜਾਈ ਦਾ ਨਹੀਂ, ਪੰਜਾਬ ਦੇ ਹਿੱਤਾਂ ਦੇ ਲਈ ਫੈਸਲੇ ਲੈਣ ਦਾ ਹੈ। ਅੱਜ ਏਥੇ ਕੀਤੀ ਪ੍ਰੈੱਸ ਕਾਨਫਰੰਸ ਵਿੱਚ ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਪੰਜਾਬ ਨੂੰ ਕੁਝ ਨਹੀਂ ਦਿੱਤਾ, ਉਨ੍ਹਾਂ ਨੇ ਤਾਂ ਪੰਜਾਬ ਦਾ ਜੀ ਐੱਸ ਟੀ ਦੇ 4500 ਕਰੋੜ ਰੁਪਏ ਵੀ ਨਹੀਂ ਦਿੱਤੇ, ਇਸ ਲਈ ਇਸ ਸਮੇਂ ਰਾਜ ਸਰਕਾਰ ਦੀ ਜ਼ਿੰਮੇਵਾਰੀ ਹੋਰ ਵੀ ਵੱਧ ਹੈ ਤੇ ਇਹ ਵੇਖਣ ਦੀ ਲੋੜ ਹੈ ਕਿ ਰਾਜ ਦੀ ਆਮਦਨ ਕਿੱਦਾਂ ਵਧ ਸਕੇਗੀ ਤਾਂ ਕਿ ਪੰਜਾਬ ਆਤਮ ਨਿਰਭਰ ਹੋ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਉੱਤੇ ਢਾਈ ਲੱਖ ਕਰੋੜ ਰੁਪਏ ਕਰਜ਼ਾ ਹੈ। ਬਹੁਤੀ ਆਮਦਨ ਮਾਈਨਿੰਗ ਅਤੇ ਐਕਸਾਈਜ਼ ਤੋਂ ਹੁੰਦੀ ਹੈ, ਇਸ ਲਈ ਜੇ ਏਥੇ ਐਕਸਾਈਜ਼ ਕਾਰਪੋਰੇਸ਼ਨ ਬਣ ਜਾਂਦੀ ਤਾਂ ਉਸ ਤੋਂ ਘੱਟੋ-ਘੱਟ 10 ਹਜ਼ਾਰ ਕਰੋੜ ਰੁਪਏ ਦੀ ਆਮਦਨ ਹੋ ਸਕਦੀ ਸੀ, ਪਰ ਇਸ ਸਮੇਂ ਇਹ ਸਾਢੇ ਚਾਰ-ਪੰਜ ਹਜ਼ਾਰ ਕਰੋੜ ਹੀ ਹੁੰਦੀ ਹੈ। ਸੀਨੀਅਰ ਵਿਧਾਇਕ ਪਰਗਟ ਸਿੰਘ ਨੇ ਕਿਹਾ ਕਿ ਜਿਵੇਂ ਦਸ ਸਾਲ ਅਕਾਲੀ-ਭਾਜਪਾ ਸਰਕਾਰ ਚੱਲਦੀ ਸੀ, ਉਸੇ ਤਰ੍ਹਾਂ ਕਾਂਗਰਸ ਸਰਕਾਰ ਨੇ ਆਪਣਾ ਤਿੰਨ ਸਾਲ ਦਾ ਸਮਾਂ ਲੰਘਾ ਲਿਆ ਹੈ, ਜੇ ਅਜੇ ਇਹ ਹੀ ਹਾਲ ਰਿਹਾ ਤਾਂ ਲੋਕ ਸਾਨੂੰ ਮੁਆਫ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਪਾਰਟੀਆਂ ਆਉਂਦੀਆਂ ਤੇ ਚਲੀਆਂ ਜਾਂਦੀਆਂ ਹਨ, ਜੇ ਬੀਤੇ ਤੋਂ ਸਬਕ ਨਾ ਲਿਆ ਤਾਂ ਪੰਜਾਬ ਨੂੰ ਅੱਗੇ ਲਿਆਉਣਾ ਬੜਾ ਔਖਾ ਹੋ ਜਾਵੇਗਾ, ਇਸ ਲਈ ਸਾਰਿਆਂ ਨੂੰ ਮਿਲ ਕੇ ਕੰਮ



ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਵਿਧਾਇਕ ਦਲ ਦੀ ਮੀਟਿੰਗ ਵਿੱਚ ਸਾਰੇ ਲੀਡਰਾਂ ਨੂੰ ਸੱਦਣਾ ਤੇ ਧਿਆਨ ਦੇਣਾ ਚਾਹੀਦਾ ਹੈ ਕਿ ਅਸੀਂ ਕਿਹੜੇ ਮੁੱਦਿਆਂ ਉੱਤੇ ਸਰਕਾਰ ਬਣਾਈ ਅਤੇ ਕਿੰਨੇ ਵਾਅਦੇ ਪੂਰੇ ਕੀਤੇ ਹਨ। ਉਨ੍ਹਾਂ ਕਿਹਾ ਕਿ ਜੇ ਇੰਝ ਹੀ ਚੱਲਦਾ ਰਿਹਾ ਤਾਂ ਭਵਿੱਖ ਵਿੱਚ ਇਹ ਮੰਤਰੀ ਤੇ ਵਿਧਾਇਕ ਲੋਕਾਂ ਦਾ ਸਾਹਮਣਾ ਕਿਵੇਂ ਕਰਨਗੇ?

ਇਸ ਮੌਕੇ ਪਰਗਟ ਸਿੰਘ ਨੇ ਦੱਸਿਆ ਕਿ ਦੋ ਮਹੀਨੇ ਪਹਿਲਾਂ ਮੀਟਿੰਗ ਦੌਰਾਨ ਉਨ੍ਹਾਂ ਮੁੱਖ ਮੰਤਰੀ ਕੋਲ ਇਹ ਗੱਲਾਂ ਰੱਖੀਆਂ ਸਨ, ਜਿਨ੍ਹਾਂ ਨਾਲ ਮੁੱਖ ਮੰਤਰੀ ਸਹਿਮਤ ਸਨ। ਉਨ੍ਹਾ ਕਿਹਾ ਕਿ ਪੰਜਾਬ ਵਿਚ ਕਈ ਸਕੈਮ ਹੋਏ ਹਨ, ਜਿਨ੍ਹਾਂ ਵਿਚ ਕੁਝ ਆਈ ਏ ਐੱਸ ਅਫਸਰਾਂ ਦੀ ਭੂਮਿਕਾ ਪਤਾ ਲੱਗੀ ਹੈ ਤੇ ਸਰਕਾਰ ਉਨ੍ਹਾਂ ਦੀ ਜਾਂਚ ਕਰਵਾ ਰਹੀ ਹੈ, ਪਰ ਕਿਸੇ ਸਿੱਟੇ ਉੱਤੇ ਨਹੀਂ ਪਹੁੰਚੀ। ਇਸ ਜਾਂਚ ਦੇ ਸਿੱਟੇ ਲੋਕਾਂ ਅੱਗੇ ਰੱਖਣੇ ਚਾਹੀਦੇ ਹਨ, ਜੇ ਕੋਈ ਦੋਸ਼ੀ ਨਹੀਂ ਤਾਂ ਕਲੀਨ ਚਿੱਟ ਦੇਣੀ ਚਾਹੀਦੀ ਹੈ। ਉਨ੍ਹਾ ਕਿਹਾ ਕਿ ਬੇਅਦਬੀ ਕੇਸ ਅਤੇ 31 ਹਜ਼ਾਰ ਕਰੋੜ ਰੁਪਏ ਦੇ ਫੂਡ ਸਕੈਮ ਦੀ ਜਿਹੜੀ ਜਾਂਚ ਹੋਈ, ਉਹ ਲੋਕਾਂ ਨੂੰ ਦੱਸਣੀ ਚਾਹੀਦੀ ਹੈ, ਇਸ ਨਾਲ ਜਨਤਾ ਵਿਚ ਸਰਕਾਰ ਦਾ ਭਰੋਸਾ ਵਧੇਗਾ, ਪਰ ਜੇ ਚੁੱਪ ਰਹੇ ਤਾਂ ਸਰਕਾਰ ਬਾਰੇ ਸ਼ੱਕ ਵਧਣਗੇ। ਉਨ੍ਹਾਂ ਕਿਹਾ ਕਿ ਇਸ ਵਿਚ ਸ਼ੱਕ ਨਹੀਂ ਕਿ 2017 ਦੀਆਂ ਚੋਣਾਂ ਵਿਚ ਲੋਕਾਂ ਨੇ ਕੈਪਟਨ ਅਮਰਿੰਦਰ ਸਿੰਘ ਦੇ ਨਾਂ ਨੂੰ ਵੋਟ ਪਾਈ ਸੀ, ਪਰ ਸਮਾਂ ਬਦਲ ਚੁੱਕਾ ਹੈ ਤੇ ਤਿੰਨ ਸਾਲਾਂ ਦੀ ਕਾਰਗੁਜ਼ਾਰੀ ਉੱਤੇ ਲੋਕ ਕਿੰਤੂ ਕਰ ਰਹੇ ਹਨ।

ਪੰਜਾਬ ਦੇ ਮੰਤਰੀਆਂ ਅਤੇ ਅਫਸਰਾਂ ਦੇ ਵਿਵਾਦ ਬਾਰੇ ਪਰਗਟ ਸਿੰਘ ਨੇ ਕਿਹਾ ਕਿ ਅਫਸਰ ਨੇ ਲੰਬਾ ਸਮਾਂ ਨੌਕਰੀ ਕੀਤੀ ਹੁੰਦੀ ਹੈ ਅਤੇ ਉਸ ਨੂੰ ਆਪਣਾ ਤਜਰਬਾ ਹੁੰਦਾ ਹੈ, ਜੇ ਅਫਸਰ ਤੋਂ ਕੋਈ ਕੰਮ ਕਰਾਉਣਾ ਹੋਵੇ ਤਾਂ ਉਸ ਦਾ ਤਰੀਕਾ ਹੈ, ਪਰ ਜਿਹੜੀ ਗੱਲ ਠੀਕ ਹੈ, ਉਸ ਉੱਤੇ ਪਹਿਰਾ ਦੇਣਾ ਚਾਹੀਦਾ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਕੁਝ ਮਹੀਨੇ ਪਹਿਲਾਂ ਦੀ ਮੁਲਾਕਾਤ ਬਾਰੇ ਉਨ੍ਹਾਂ ਕਿਹਾ ਕਿ ਮੈਂ ਖਿਡਾਰੀ ਰਿਹਾ ਹਾਂ, ਇਕੱਲਾ ਖਿਡਾਰੀ ਨਾ ਟੀਮ ਜਿਤਾ ਸਕਦਾ ਤੇ ਨਾ ਹਰਾ ਸਕਦਾ ਹੈ, ਜੇ ਹਰ ਖਿਡਾਰੀ ਆਪੋ-ਆਪਣੀ ਥਾਂ ਠੀਕ ਖੇਡੇ ਤਾਂ ਟੀਮ ਜਿੱਤ ਸਕਦੀ ਹੈ, ਪਰ ਇਸ ਦੇ ਮਾਹੌਲ ਦੀ ਲੋੜ ਹੈ। ਪਰਗਟ ਸਿੰਘ ਨੇ ਕਿਹਾ ਕਿ ਸਾਨੂੰ ਨਿੱਜੀ ਲਾਭਾਂ ਜਾਂ ਪੈਸਿਆਂ ਬਾਰੇ ਸੋਚਣ ਦੀ ਥਾਂ ਪੰਜਾਬ ਬਾਰੇ ਸੋਚਣਾ ਚਾਹੀਦਾ ਹੈ ਤੇ ਜੇ ਕੋਈ ਪੰਜਾਬ ਦੇ ਭਲੇ ਦੀ ਗੱਲ ਕਰੇ ਤਾਂ ਬਾਗੀ ਸਮਝਣ ਦੀ ਥਾਂ ਉਸ ਦੀ ਗੱਲ ਵੱਲ ਧਿਆਨ ਦੇਣਾ ਚਾਹੀਦਾ ਹੈ।

## ਅੱਜ ਨਾਮਾ

ਫੈਕਟਰੀ ਗਈ ਸ਼ਰਾਬ ਦੀ ਫੜੀ ਕਿਧਰੇ,
ਪੈ ਗਈ ਪੂਰੇ ਪੰਜਾਬ ਵਿੱਚ ਖੱਪ ਮਿੱਤਰ।
ਆ ਗਿਆ ਮੁੱਦਾ ਜਦ ਹੱਥ ਅਕਾਲੀਆਂ ਦੇ,
ਭਾਜਪਾ ਆਗੂ ਵੀ ਪਏ ਸਨ ਟੱਪ ਮਿੱਤਰ।
ਝੜਦਾ ਤੋੜਾ ਸੀ ਕਾਂਗਰਸ ਵਾਲਿਆਂ'ਤੇ,
ਓਧਰ ਨਿਕਲਿਆ ਨਵਾਂ ਹੈ ਸੱਪ ਮਿੱਤਰ।
ਭਾਜਪਾ ਲੀਡਰ ਵੀ ਇੱਕ ਦਾ ਨਾਂਅ ਵੱਜਾ,
ਸਿਰੀਆਂ ਬੈਠ ਗਏ ਉਹ ਵੀ ਨੱਪ ਮਿੱਤਰ।
ਕਿਹੜੀ ਪਾਰਟੀ, ਜਿੱਧਰ ਹਨ ਦੁੱਧ-ਧੋਤੇ,
ਰਾਜਸੀ ਲੀਡਰਾਂ ਦੇ ਚੰਗੇ ਕਰਮ ਹੈ ਨਹੀਂ।
ਗਲੀਓ-ਗਲੀ ਕੁਕਰਮਾਂ ਦੀ ਹੋਏ ਚਰਚਾ,
ਕੀਤੀ ਕਦੇ ਵੀ ਕਿਸੇ ਨੇ ਸ਼ਰਮ ਹੈ ਨਹੀਂ।

**ਤੀਸ ਮਾਰ ਖਾਂ**

# ਖਜ਼ਾਨਾ ਮੰਤਰੀ ਦੀ ਆਖਰੀ ਪ੍ਰੈੱਸ ਕਾਨਫਰੰਸ ਵਿੱਚ ਵੀ ਕਾਰਪੋਰੇਟ ਸੈਕਟਰ ਨੂੰ ਗੱਫੇ

*** ਰਾਜ ਸਰਕਾਰਾਂ ਲਈ ਵੀ 8 ਹੋਰ ਐਲਾਨ ਕੀਤੇ ਗਏ**

ਨਵੀਂ ਦਿੱਲੀ, 17 ਮਈ, (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਮੌਜੂਦਾ ਸੰਕਟ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਐਲਾਨ ਕੀਤੇ 20 ਲੱਖ ਕਰੋੜ ਰੁਪਏ ਦੇ ਪੈਕੇਜ ਬਾਰੇ ਅੱਜ ਐਤਵਾਰ ਪੰਜਵੀਂ ਤੇ ਆਖਰੀ ਪ੍ਰੈੱਸ ਕਾਨਫਰੰਸ ਦੌਰਾਨ ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨੇ ਮਨਰੇਗਾ ਦਾ ਬਜਟ 40 ਹਜ਼ਾਰ ਕਰੋੜ ਰੂਪਏ ਵਧਾਉਣ ਦੇ ਨਾਲ ਕਾਰਪੋਰੇਟ ਸੈਕਟਰ ਲਈ ਕੰਮ-ਕਾਜ ਤੇ ਪਬਲਿਕ ਸੈਕਟਰ ਨੂੰ ਨਿਜੀ ਖੇਤਰ ਲਈ ਖੋਲ੍ਹਣ, ਸਿਹਤ ਦੇ ਖੇਤਰ ਵਿੱਚ ਮੁੱਢਲੇ ਸੁਧਾਰ ਤੇ ਆਨਲਾਈਨ ਸਿੱਖਿਆ ਤੋਂ ਇਲਾਵਾ ਰਾਜਾਂ ਨੂੰ ਮਿਲਣ ਵਾਲੇ ਕਰਜ਼ੇ ਦੀ ਹੱਦ ਵਧਾਉਣ ਦੇ ਐਲਾਨ ਕੀਤੇ ਹਨ।

ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨੇ ਅੱਜ ਐਤਵਾਰ ਨੂੰ ਸਭ ਤੋਂ ਵੱਡਾ ਐਲਾਨ ਮਨਰੇਗਾ ਦਾ ਚਲੰਤ ਸਾਲ ਦਾ ਬਜਟ ਵਧਾਉਣ ਬਾਰੇ ਕੀਤਾ ਤੇ ਕਿਹਾ ਕਿ ਇਸ ਲਈ 61 ਹਜ਼ਾਰ ਕਰੋੜ ਰੁਪਏ ਅਲਾਟ ਕੀਤੇ ਸਨ, ਪਰ ਅੱਜ ਇਸ ਵਿੱਚ ਸਰਕਾਰ 40 ਹਜ਼ਾਰ ਕਰੋੜ ਰੁਪਏ ਵਧਾ ਰਹੀ ਹੈ। ਇਸ ਨਾਲ ਆਪਣੇ ਘਰੀਂ ਮੁੜ ਰਹੇ ਪੇਂਡੂ ਖੇਤਰਾਂ ਦੇ ਪ੍ਰਵਾਸੀ ਮਜ਼ਦੂਰਾਂ ਨੂੰ ਮਾਨਸੂਨ ਸੀਜਨ ਵਿੱਚ ਵੀ ਮਨਰੇਗਾ ਹੇਠ ਕੰਮ ਦਿੱਤਾ ਜਾਵੇਗਾ। ਉਨ੍ਹਾ ਕਿਹਾ ਕਿ ਕੋਰੋਨਾ ਸੰਕਟ ਦੌਰਾਨ ਦੇਸ਼ ਦੇ ਸਿਹਤ ਖੇਤਰ ਦੀ ਅਸਲੀ ਅਤੇ ਸਹੀ ਤਸਵੀਰ ਸਰਕਾਰ ਨੂੰ ਪਤਾ ਲੱਗੀ ਹੈ ਤੇ ਇਸ ਦੇ ਸੁਧਾਰ ਲਈ ਇਨਫੈਕਸ਼ਨ ਵਾਲੀਆਂ ਬੀਮਾਰੀਆਂ ਦੇ ਇਲਾਜ ਲਈ ਜ਼ਿਲ੍ਹਾ ਪੱਧਰ ਉੱਤੇ ਹਸਪਤਾਲਾਂ ਤੋਂ ਬਿਨਾ ਬਲਾਕ ਪੱਧਰ ਉੱਤੇ ਵੀ ਪ੍ਰਬੰਧ ਕੀਤੇ ਜਾਣਗੇ ਤੇ ਇਸ ਵਿੱਚ ਇੰਡੀਅਨ ਕੌਂਸਲ ਫਾਰ ਮੈਡੀਕਲ ਰਿਸਰਚ (ਆਈ ਸੀ ਐੱਮ ਆਰ) ਵੱਲੋਂ ਵੀ ਮਦਦ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਰਕਾਰ ਜ਼ਮੀਨੀ ਪੱਧਰ ਉੱਤੇ ਕੰਮ ਕਰਨ ਵਾਲੀਆਂ ਸਿਹਤ ਸੰਸਥਾਵਾਂ ਵਿੱਚ ਨਿਵੇਸ਼ ਵਧਾਏਗੀ। ਇਸ ਦੇ ਨਾਲ ਨੈਸ਼ਨਲ ਡਿਜੀਟਲ ਹੈੱਲਥ ਮਿਸ਼ਨ ਲਾਂਚ ਹੋਵੇਗਾ, ਪਰ ਇਸ ਦੀ ਸਮਾਂ ਸੀਮਾ ਨਹੀਂ ਦੱਸੀ ਗਈ।

ਨਿਰਮਲਾ ਸੀਤਾਰਮਨ ਨੇ ਸਕੂਲੀ ਸਿੱਖਿਆ ਨਾਲ ਈ-ਸਿੱਖਿਆ ਪ੍ਰੋਗਰਾਮ ਸ਼ੁਰੂ ਕਰਨ ਦਾ ਐਲਾਨ ਵੀ ਕੀਤਾ, ਜਿਸ ਨਾਲ ਪਹਿਲੀ ਤੋਂ 12ਵੀਂ ਤੱਕ ਹਰ ਕਲਾਸ ਲਈ ਇੱਕ ਚੈਨਲ ਹੋਵੇਗਾ, ਜਿਸ ਦਾ ਲਾਭ ਦਿਵਿਆਂਗ ਬੱਚਿਆਂ ਨੂੰ ਮਿਲੇਗਾ ਤੇ ਬੱਚਿਆਂ, ਅਧਿਆਪਕਾਂ, ਮਾਂ-ਬਾਪ ਤੇ ਪਰਿਵਾਰਾਂ ਦੇ ਮਾਨਸਿਕ



ਸਿਹਤ ਦਾ ਧਿਆਨ ਰੱਖਣ ਲਈ ਸੈਂਸਰਸ਼ਿਪ ਪ੍ਰੋਗਰਾਮ ਸ਼ੁਰੂ ਕਰ ਕੇ ਉਨ੍ਹਾਂ ਦੀ ਕਾਉਂਸਲਿੰਗ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਈ-ਪਾਠਸ਼ਾਲਾ ਵਿੱਚ 200 ਨਵੀਆਂ ਕਿਤਾਬਾਂ ਜੋੜਨ ਦੇ ਨਾਲ ਵਿਦਿਆਰਥੀ ਕਿਊ ਆਰ ਕੋਡ ਨਾਲ ਈ-ਕਿਤਾਬਾਂ ਪੜ੍ਹ ਸਕਣਗੇ ਤੇ ਇਸ ਕੰਮ ਲਈ ਰੇਡੀਓ, ਕਮਿਊਨਿਟੀ ਰੇਡੀਓ ਅਤੇ ਪਾਡਕਾਸਟ ਦੀ ਵੱਧ ਵਰਤੋਂ ਹੋਵੇਗੀ ਅਤੇ ਅਗਲੇ ਦਸੰਬਰ ਤੱਕ ਨੈਸ਼ਨਲ ਫਾਊਂਡੇਸ਼ਨ ਲਿਟਰੇਸੀ ਐਂਡ ਨਿਊਮਰੇਸੀ ਮਿਸ਼ਨ ਨੂੰ ਲਾਂਚ ਕਰ ਕੇ 2025 ਤੱਕ ਹਰ ਬੱਚੇ ਨੂੰ ਸਿੱਖਿਆ ਦੇਣ ਦੀ ਕੋਸ਼ਿਸ਼ ਹੋਵੇਗੀ।

ਇਸ ਮੌਕੇ ਵਿੱਤ ਮੰਤਰੀ ਨੇ ਪਬਲਿਕ ਸੈਕਟਰ ਨੂੰ ਨਿਜੀ ਖੇਤਰਾਂ ਲਈ ਖੋਲ੍ਹਣ ਦਾ ਐਲਾਨ ਕੀਤਾ ਅਤੇ ਕਿਹਾ ਕਿ ਪਬਲਿਕ ਸੈਕਟਰ ਇੰਟਰਪ੍ਰਾਈਜ਼ਿਜ਼ ਕੁਝ ਖਾਸ ਸੈਕਟਰਾਂ ਵਿੱਚ ਭੂਮਿਕਾ ਨਿਭਾਉਂਦੇ ਰਹਿਣਗੇ, ਜਿਸ ਦੀ ਨੀਤੀ ਜਲਦੀ ਹੀ ਲਿਆਂਦੀ ਜਾਵੇਗੀ ਅਤੇ ਪਬਲਿਕ ਸੈਕਟਰ ਇੰਟਰਪ੍ਰਾਈਜ਼ਿਜ਼ ਰਣਨੀਤਕ ਸੈਕਟਰ ਦੀ ਨਵੀਂ ਸੂਚੀ ਜਾਰੀ ਕੀਤੀ ਜਾਵੇਗੀ, ਜਿਸ ਹੇਠ ਇੱਕ ਸੈਕਟਰ ਵਿੱਚ ਪਬਲਿਕ ਸੈਕਟਰ ਦੀ ਘੱਟੋ ਘੱਟ ਇੱਕ ਤੇ ਵੱਧ ਤੋਂ ਵੱਧ ਚਾਰ ਕੰਪਨੀਆਂ ਹੋ ਸਕਣਗੀਆਂ। ਇਸ ਤੋਂ ਇਲਾਵਾ ਹਰ ਸੈਕਟਰ ਵਿੱਚ ਪ੍ਰਾਈਵੇਟ ਕੰਪਨੀਆਂ ਸ਼ਾਮਲ ਹੋ ਸਕਣਗੀਆਂ।

ਖਜ਼ਾਨਾ ਮੰਤਰੀ ਨੇ ਰਾਜਾਂ ਨੂੰ ਕਰਜ਼ੇ ਵਜੋਂ ਘਰੇਲੂ ਉਤਪਾਦ ਦਾ 3 ਫੀਸਦੀ ਹਿੱਸਾ ਵਧਾ ਕੇ 5 ਫੀਸਦੀ ਕਰਨ ਦਾ ਐਲਾਨ ਕੀਤਾ ਹੈ। ਇਸ ਨਾਲ ਰਾਜ ਇਸ ਸਾਲ 6.41 ਲੱਖ ਕਰੋੜ ਰੁਪਏ ਦੀ ਥਾਂ 10.69 ਲੱਖ ਕਰੋੜ ਰੁਪਏ ਤੱਕ ਕਰਜ਼ਾ ਲੈ ਸਕਣਗੇ। ਉਨ੍ਹਾਂ ਕਿਹਾ ਕਿ ਕੋਰੋਨਾ ਸੰਕਟ ਦੇ ਨਾਲ ਰਾਜਾਂ ਦੀ ਆਮਦਨ ਕਾਫ਼ੀ ਘੱਟ ਹੋਈ ਹੈ, ਇਸ ਲਈ ਉਨ੍ਹਾਂ ਨੂੰ ਹੋਰ ਫੰਡਾਂ ਦੀ ਲੋੜ ਹੈ, ਜਿਸ ਨਾਲ ਸਾਰੇ ਰਾਜਾਂ ਨੂੰ ਲਾਭ ਹੋਵੇਗਾ। ਉਨ੍ਹਾਂ ਦੱਸਿਆ ਕਿ ਰਾਜਾਂ ਨੇ ਹਾਲੇ ਆਪਣੇ ਹੱਕ ਦਾ ਸਿਰਫ 14 ਫੀਸਦੀ ਕਰਜ਼ਾ ਲਿਆ ਹੈ, 86 ਫੀਸਦੀ ਦਾ ਪੈਸਾ ਹਾਲੇ ਉਨ੍ਹਾਂ ਨੇ ਨਹੀਂ ਲਿਆ, ਇਹ ਉਨ੍ਹਾਂ ਲਈ ਮੌਜੂਦ ਰਹੇਗਾ ਅਤੇ ਰਾਜ ਇੱਕ ਤਿਮਾਹੀ ਵਿੱਚ 32 ਦਿਨਾਂ ਦੀ ਥਾਂ 50 ਦਿਨ ਤੱਕ ਓਵਰ ਡਰਾਫਟ ਰੱਖ ਸਕਣਗੇ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜ਼ਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

SherGill Law Firm
Barrister, Solicitor & Notary Public
Services:
★ Real Estate
★ Residential, Commercial & Franchise
★ Criminal Law
★ Family Law
★ Affidavit, Power Of Attorney & Notarization
★ Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
◦ Free Evaluation of your Property
◦ Special Packages for First Time Buyer
◦ Arrangement of Low Mortgage rate Lawyer
◦ Arrangement of Home Inspection
Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8
FOR SALE $369,900
2645 KIPLING AVE
ਬਹੁਤ ਹੀ ਵਧੀਆ ਲੋਕੇਸ਼ਨ ਤੇ 2 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ, ਸਾਰਾ ਘਰ ਰੈਨੋਵੇਟਡ, ਬਹੁਤ ਸਾਰੀ ਸਟੋਰੇਜ ਲਈ ਥਾਂ, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਸੁਨਹਿਰੀ ਮੌਕਾ ਹੈ। ਬਹੁਤ ਸਾਰੀ ਬਾਹਰੋ ਰੋਸ਼ਨੀ ਘਰ ਦੇ ਅੰਦਰ ਆਉਂਦੀ ਹੈ। ਬਹੁਤ ਹੀ ਚੰਗੀ ਤਰ੍ਹਾਂ ਮੈਨਟੇਨ ਕੀਤਾ ਘਰ ਹੈ। ਬਸ ਸਟਾਪ, ਏਅਰਪੋਰਟ, ਸਕੂਲ ,ਹਾਈਵੇ ਆਦਿ ਸਹੂਲਤਾਂ ਦੇ ਨੇੜੇ ਹੈ।
FOR SALE $120,000
VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੇਲੂਨ। ਰੈਂਟ ਸਿਰਫ $3324/ਮਹੀਨਾ।
SOLD
Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ। ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ।

NEED A LAWYER ??
KAUR LAW OFFICE
Red Seal NOTARY
MANJEET KAUR
LL.B., (London UK)
Barrister, Solicitor & Notary Public
REAL ESTATE LAWYER
● Residential & Commercial
● Sale/Purchase of House
● Mortgage & Refinancing
● Drafting/Reviewing Agreements
● Title Transfer
● 2nd Mortgage
IMMIGRATION
Skilled Worker Category
Spousal & Family Sponsorship
● Student Permits Visa & Renewals
● PR Renewal/ Citizenship Application
FAMILY LAWYER
● Child & Spousal support
● Custody & Access
● Divorce
● Equalization
BUSINESS LAW
● Incorporation & Shareholder agreements
● Sales & Purchase of Assets & Shares
● Notarization & Affidavits
WILLS & ESTATE
● Wills
● Certificate of Estate Trustee with/without Will
● Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr., Brampton, ON L6Y 4X4

# ਕੈਪਟਨ ਅਮਰਿੰਦਰ ਨੇ ਪਰਵਾਸੀ ਕਾਮਿਆਂ ਦੇ ਸੰਕਟ ਲਈ ਕੇਂਦਰ ਸਰਕਾਰ ਉੱਤੇ ਜ਼ਿੰਮੇਵਾਰੀ ਸੁੱਟੀ

ਚੰਡੀਗੜ੍ਹ, 17 ਮਈ, (ਪੋਸਟ ਬਿਊਰੋ)- ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਵਲੋਂ ਪਰਵਾਸੀ ਮਜ਼ਦੂਰਾਂ ਦੇ ਮੁੱਦੇ ਉੱਤੇ ਕਾਂਗਰਸ ਪਾਰਟੀ ਦੀ ਪਹੁੰਚ ਦੀ ਨਿਖੇਧੀ ਕਰਨ ਉੱਤੇ ਸਖ਼ਤ ਇਤਰਾਜ਼ ਕਰਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਨ੍ਹਾਂ ਮਜ਼ਦੂਰਾਂ ਦੇ ਸੰਕਟ ਨੂੰ ਹੋਰ ਡੂੰਘਾ ਧੱਕਣ ਅਤੇ ਅਜਿਹੇ ਗੰਭੀਰ ਮੁੱਦੇ ਦੇ ਸਿਆਸੀਕਰਨ ਲਈ ਕੇਂਦਰ ਅਤੇ ਰਾਜਾਂ ਦੀਆਂ ਭਾਜਪਾ ਸਰਕਾਰਾਂ ਨੂੰ ਸਿੱਧੇ ਤੌਰ ਉੱਤੇ ਜ਼ਿੰਮੇਵਾਰ ਆਖਿਆ ਹੈ।

ਪੰਜਾਬ ਦੇ ਮੁੱਖ ਮੰਤਰੀ ਨੇ ਕਿਹਾ ਕਿ ਕਾਂਗਰਸ ਦੀ ਅਗਵਾਈ ਵਾਲੇ ਰਾਜਾਂ ਸਮੇਤ ਸਾਰੀ ਪਾਰਟੀ ਸੰਕਟ ਦੇ ਵਕਤ ਪਰਵਾਸੀ ਕਾਮਿਆਂ ਦੀ ਮਦਦ ਲਈ ਲਗਾਤਾਰ ਕੰਮ ਕਰ ਰਹੀ ਹੈ ਤੇ ਪੰਜਾਬ ਸਰਕਾਰ 16 ਮਈ ਤੱਕ 1,78,909 ਲੋਕਾਂ ਨੂੰ ਉਨ੍ਹਾਂ ਦੇ ਰਾਜਾਂ ਨੂੰ ਭੇਜਣ ਲਈ 149 ਰੇਲ ਗੱਡੀਆਂ ਦਾ ਪ੍ਰਬੰਧ ਕਰ ਚੁੱਕੀ ਹੈ। ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਵਲੋਂ ਇਸ ਟਿੱਪਣੀ ਕਿ ਸੋਨੀਆ ਗਾਂਧੀ ਨੂੰ ਪਰਵਾਸੀ ਕਾਮਿਆਂ ਦੀ ਮਦਦ ਕਰਨ ਲਈ ਆਪਣੇ ਮੁੱਖ ਮੰਤਰੀਆਂ ਨੂੰ ਕਹਿਣਾ ਚਾਹੀਦਾ ਹੈ, ਉੱਤੇ ਪ੍ਰਤੀਕਰਮ ਦੇਂਦਿਆਂ ਕੈਪਟਨ ਅਮਰਿੰਦਰ ਨੇ ਕਿਹਾ ਕਿ ਸੋਨੀਆ ਗਾਂਧੀ



ਨੇ ਇਸ ਬਾਰੇ ਲਾਕਡਾਊਨ ਤੇ ਕੋਵਿਡ ਨਾਲ ਸਬੰਧਤ ਹੋਰ ਗੱਲਾਂ ਬਾਰੇ ਪਾਰਟੀ ਦੇ ਮੁੱਖ ਮੰਤਰੀਆਂ ਨਾਲ ਲਗਾਤਾਰ ਵਿਚਾਰ-ਵਟਾਂਦਰਾ ਕੀਤਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਨਿਰਮਲਾ ਸੀਤਾਰਮਨ ਦੀ ਉਸ ਟਿੱਪਣੀ ਨੂੰ ਪੂਰੀ ਤਰ੍ਹਾਂ ਬੇਬੁਨਿਆਦ ਤੇ ਬੇਲੋੜੀ ਕਿਹਾ, ਜਿਸ ਵਿੱਚ ਵਿੱਤ ਮੰਤਰੀ ਨੇ ਕਿਹਾ ਸੀ ਕਿ ਰਾਹੁਲ ਗਾਂਧੀ ਨੂੰ ਪਰਵਾਸੀ ਮਜ਼ਦੂਰਾਂ ਨੂੰ ਮਿਲਣ ਮੌਕੇ ਉਨ੍ਹਾਂ ਦੇ ਨਾਲ ਚੱਲਣਾ ਚਾਹੀਦਾ ਸੀ। ਮੁੱਖ ਮੰਤਰੀ ਨੇ ਕਿਹਾ ਕਿ ਪਰਵਾਸੀ ਮਜ਼ਦੂਰਾਂ ਦੀ ਸਾਰ ਲੈਣ ਲਈ ਸੜਕਾਂ ਉੱਤੇ ਉਤਰੇ ਰਾਹੁਲ ਗਾਂਧੀ ਉੱਤੇ ਤਨਜ ਕੱਸਣ ਦੀ ਥਾਂ ਨਿਰਮਲਾ ਸੀਤਾਰਮਨ ਨੂੰ ਭਾਜਪਾ ਦੀ ਅਗਵਾਈ ਵਾਲੀ ਉੱਤਰ ਪ੍ਰਦੇਸ਼ ਸਰਕਾਰ ਨਾਲ ਗੱਲ ਕਰਕੇ ਪ੍ਰਿਅੰਕਾ ਗਾਂਧੀ ਵੱਲੋਂ ਪਰਵਾਸੀ ਮਜ਼ਦੂਰਾਂ ਨੂੰ ਲਿਆਉਣ ਲਈ ਦਿੱਤੀਆਂ ਬੱਸਾਂ ਨੂੰ ਦਾਖਲੇ ਦੀ ਆਗਿਆ ਦਿਵਾਉਣੀ ਚਾਹੀਦੀ ਹੈ, ਕਿਉਂਕਿ ਉੱਤਰ ਪ੍ਰਦੇਸ਼ ਸਰਕਾਰ ਵਲੋਂ ਇਨ੍ਹਾਂ ਬੱਸਾਂ ਨੂੰ ਆਉਣ ਦੀ ਆਗਿਆ ਨਾ ਦੇਣ ਕਰ ਕੇ ਇਹ ਦਿੱਲੀ-ਯੂ ਪੀ ਬਾਰਡਰ ਉੱਤੇ ਰੁਕੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਸਾਰੇ ਕਾਂਗਰਸੀ ਮੁੱਖ ਮੰਤਰੀ, ਆਗੂ ਤੇ ਵਰਕਰ ਇਹ ਯਕੀਨੀ ਕਰਨ ਲੱਗੇ ਹੋਏ ਹਨ ਕਿ ਦੁੱਖ ਦੀ ਘੜੀ ਵਿੱਚ ਪਰਵਾਸੀ ਮਜ਼ਦੂਰਾਂ ਦੀ ਹਰ ਸੰਭਵ ਮਦਦ ਕੀਤੀ ਜਾਵੇ, ਪਰ ਕੇਂਦਰ ਸਰਕਾਰ ਨੇ ਪਰਵਾਸੀ ਮਜ਼ਦੂਰਾਂ ਨੂੰ ਉਨ੍ਹਾਂ ਦੀ ਕਿਸਮਤ ਉੱਤੇ ਛੱਡਿਆ ਹੋਇਆ ਹੈ।

# ਓਨਟਾਰੀਓ 'ਚ ਕੋਵਿਡ-19 ਦੇ 391 ਨਵੇਂ ਮਾਮਲੇ ਆਏ ਸਾਹਮਣੇ

## 33 ਮੌਤਾਂ ਕੀਤੀਆਂ ਗਈਆਂ ਦਰਜ



ਓਨਟਾਰੀਓ, 17 ਮਈ (ਪੋਸਟ ਬਿਊਰੋ) : ਸ਼ਨਿੱਚਰਵਾਰ ਨੂੰ ਓਨਟਾਰੀਓ ਵਿੱਚ ਕੋਵਿਡ-19 ਦੇ 391 ਮਾਮਲੇ ਸਾਹਮਣੇ ਆਏ ਤੇ 33 ਮੌਤਾਂ ਦਰਜ ਕੀਤੀਆਂ ਗਈਆਂ।

ਬੀਤੇ ਦਿਨਾਂ ਨਾਲੋਂ ਇਨ੍ਹਾਂ ਮਾਮਲਿਆਂ ਵਿੱਚ 1.8 ਫੀ ਸਦੀ ਦਾ ਵਾਧਾ ਰਿਕਾਰਡ ਕੀਤਾ ਗਿਆ। ਪਿਛਲੇ ਤਿੰਨ ਦਿਨਾਂ ਵਿੱਚ ਰੋਜ਼ਾਨਾਂ ਦੇ ਹਿਸਾਬ ਨਾਲ ਇਨ੍ਹਾਂ ਮਾਮਲਿਆਂ ਵਿੱਚ 1.6 ਫੀ ਸਦੀ ਦਾ ਔਸਤ ਵਾਧਾ ਪਾਇਆ ਗਿਆ। ਇਸ ਸਮੇਂ ਪ੍ਰੋਵਿੰਸ ਵਿੱਚ ਕਰੋਨਾਵਾਇਰਸ ਦੇ ਪੁਸ਼ਟ ਮਾਮਲਿਆਂ ਦੀ ਗਿਣਤੀ 22,313 ਹੈ ਜਿਨ੍ਹਾਂ ਵਿੱਚੋਂ 17020 ਠੀਕ ਹੋ ਗਏ ਦੱਸੇ ਜਾਂਦੇ ਹਨ।

ਪ੍ਰੋਵਿੰਸ ਵਿੱਚ ਕੋਵਿਡ-19 ਕਾਰਨ ਮਰਨ ਵਾਲਿਆਂ ਦੀ ਗਿਣਤੀ 1858 ਤੱਕ ਪਹੁੰਚ ਚੁੱਕੀ ਹੈ। ਲਾਂਗ ਟਰਮ ਕੇਅਰ ਮੰਤਰਾਲੇ ਅਨੁਸਾਰ ਕਰੋਨਾਵਾਇਰਸ ਕਾਰਨ 1360 ਲੋਕਾਂ ਦੀ ਮੌਤ ਹੋ ਚੁੱਕੀ ਹੈ, ਜੋ ਕਿ ਇੱਕ ਦਿਨ ਪਹਿਲਾਂ ਨਾਲੋਂ 40 ਮੌਤਾਂ ਵੱਧ ਹੈ। ਪਬਲਿਕ ਹੈਲਥ ਓਨਟਾਰੀਓ ਵੱਲੋਂ ਲਾਂਗ ਟਰਮ ਕੇਅਰ ਹੋਮਜ਼ ਵਿੱਚ 835 ਮੌਤਾਂ ਦਰਜ ਕੀਤੀਆਂ ਗਈਆਂ ਜੋ ਕਿ ਸ਼ੁੱਕਰਵਾਰ ਦੀ ਰਿਪੋਰਟ ਨਾਲੋਂ 13 ਵੱਧ ਹਨ।

ਹਸਪਤਾਲ ਵਿੱਚ ਦਾਖਲ ਹੋਣ ਵਾਲੇ ਲੋਕਾਂ ਦੀ ਗਿਣਤੀ ਘਟ ਕੇ 1000 ਤੋਂ ਥੱਲੇ ਰਹਿ ਗਈ ਹੈ ਜਦਕਿ ਇੰਟੈਂਸਿਵ ਕੇਅਰ ਵਿੱਚ ਜੇਰੇ ਇਲਾਜ ਤੇ ਵੈਂਟੀਲੇਟਰ ਉੱਤੇ ਰਹਿਣ ਵਾਲੇ ਲੋਕਾਂ ਦੀ ਗਿਣਤੀ ਵਿੱਚ ਕੋਈ ਖਾਸ ਫਰਕ ਦਰਜ ਨਹੀਂ ਕੀਤਾ ਗਿਆ ਹੈ।

# ਭਾਰਤ ਵਿੱਚ ਲਾਕਡਾਊਨ 31 ਮਈ ਤਕ ਵਧਾਇਆ, ਨਵੀਆਂ ਸੇਧਾਂ ਜਾਰੀ

* ਮਹਾਰਾਸ਼ਟਰ ਤੇ ਗੁਜਰਾਤ ਵਿੱਚ ਕੋਰੋਨਾ ਕਹਿਰ ਰੁਕ ਨਹੀਂ ਰਿਹਾ



ਨਵੀਂ ਦਿੱਲੀ, 17 ਮਈ, (ਪੋਸਟ ਬਿਊਰੋ)- ਭਾਰਤ ਵਿੱਚ ਕੋਰੋਨਾ ਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਲਾਇਆ ਗਿਆ ਲਾਕਡਾਊਨ 31 ਮਈ ਤਕ ਵਧਾ ਦਿੱਤਾ ਗਿਆ ਹੈ। ਨੈਸ਼ਨਲ ਡਿਜ਼ਾਸਟਰ ਮੈਨੇਜਮੈਂਟ ਅਥਾਰਟੀ ਨੇ ਇਸ ਦੀ ਪੁਸ਼ਟੀ ਕੀਤੀ ਹੈ ਅਤੇ ਕੇਂਦਰ ਸਰਕਾਰ ਨੇ ਚੌਥੇ ਲਾਕਡਾਊਨ ਬਾਰੇ ਨਵੀਆਂ ਸੇਧਾਂ ਜਾਰੀ ਕਰਦਿਆਂ ਦੇਸ਼ ਵਿੱਚ ਹਵਾਈ, ਰੇਲ ਅਤੇ ਮੈਟਰੋ ਰੇਲ ਸੇਵਾਵਾਂ ਬੰਦ ਰੱਖਣ ਦਾ ਆਦੇਸ਼ ਦਿੱਤਾ ਹੈ ਅਤੇ ਧਾਰਮਿਕ ਅਦਾਰੇ ਵੀ ਹਾਲੇ ਬੰਦ ਰਹਿਣਗੇ।

ਮਿਲੀ ਜਾਣਕਾਰੀ ਅਨੁਸਾਰ ਨੈਸ਼ਨਲ ਡਿਜ਼ਾਸਟਰ ਮੈਨੇਜਮੈਂਟ ਅਥਾਰਟੀ ਨੇ ਭਾਰਤ ਦੇ ਸਾਰੇ ਮੰਤਰਾਲਿਆਂ ਤੇ ਰਾਜ ਸਰਕਾਰਾਂ ਨੂੰ ਦੇਸ਼ ਵਿੱਚ 31 ਮਈ ਤਕ ਲਾਕਡਾਊਨ ਜਾਰੀ ਰੱਖਣ ਨੂੰ ਕਿਹਾ ਹੈ। ਅੱਜ ਸੋਮਵਾਰ ਨੂੰ ਤੀਸਰੇ ਲਾਕਡਾਊਨ ਦਾ ਆਖ਼ਰੀ ਦਿਨ ਸੀ, ਪਰ ਮਹਾਰਾਸ਼ਟਰ ਤੇ ਤਮਿਲ ਨਾਡੂ ਨੇ 31 ਮਈ ਤਕ ਲਾਕਡਾਊਨ ਵਧਾਉਣ ਦਾ ਐਲਾਨ ਅਗੇਤਾ ਕਰ ਦਿੱਤਾ ਸੀ। ਤੇਲੰਗਾਨਾ ਅਤੇ ਮਿਜ਼ੋਰਮ ਨੇ ਇਸ ਤੋਂ ਪਹਿਲਾਂ ਹੀ ਲਾਕਡਾਊਨ ਵਧਾਉਣ ਦਾ ਐਲਾਨ ਕਰ ਦਿੱਤਾ ਸੀ। ਪੰਜਾਬ ਸਰਕਾਰ ਨੇ 18 ਮਈ ਤੋਂ ਕਰਫਿਊ ਹਟਾ ਕੇ ਲਾਕਡਾਊਨ ਲਾਉਣ ਦਾ ਐਲਾਨ ਕੀਤਾ ਹੋਇਆ ਹੈ।

ਵਰਨਣ ਯੋਗ ਹੈ ਕਿ ਪਿਛਲੇ ਮੰਗਲਵਾਰ ਦੇਸ਼ ਦੇ ਨਾਂ ਸੰਬੋਧਨ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਸੀ ਕਿ ਲਾਕਡਾਊਨ ਅਜੇ ਪੂਰਾ ਨਹੀਂ ਹਟੇਗਾ, ਪਰ ਉਨ੍ਹਾਂ ਨੇ ਚੌਥੇ ਪੜਾਅ ਵਿੱਚ ਵੱਧ ਛੋਟਾਂ ਦੇਣ ਦਾ ਸੰਕੇਤ ਦਿੱਤਾ ਸੀ। ਅੱਜ ਅਧਿਕਾਰੀਆਂ ਦੇ ਦੱਸਣ ਮੁਤਾਬਕ 18 ਮਈ ਤੋਂ ਸ਼ੁਰੂ ਹੋ ਰਹੇ ਲਾਕਡਾਊਨ ਦੇ ਚੌਥੇ ਪੜਾਅ ਵਿੱਚ ਗ੍ਰੀਨ ਜ਼ੋਨ ਨੂੰ ਪੂਰੀ ਤਰ੍ਹਾਂ ਖੋਲ੍ਹਣ ਦਾ ਫ਼ੈਸਲਾ ਹੋ ਸਕਦਾ ਹੈ, ਪਰ ਇਸ ਵਿੱਚ ਹਾਟ-ਸਪਾਟ ਤੈਅ ਕਰਨ ਦਾ ਅਧਿਕਾਰ ਰਾਜਾਂ ਸਰਕਾਰਾਂ ਨੂੰ ਦੇ ਦਿੱਤਾ ਜਾਵੇਗਾ। ਸਰੀਰਕ ਦੂਰੀ ਦਾ ਪਾਲਣ ਕਰਨਾ ਤੇ ਮਾਸਕ ਲਾਉਣ ਦੇ ਪ੍ਰਬੰਧ ਸਾਰਿਆਂ ਲਈ ਫਿਰ ਵੀ ਜ਼ਰੂਰੀ ਹੋਣਗੇ।

ਐਤਵਾਰ ਸ਼ਾਮ ਤੱਕ ਭਾਰਤ ਵਿੱਚ ਕੋਰੋਨਾ ਵਾਇਰਸ ਦੇ ਕੇਸਾਂ ਦੀ ਕੁੱਲ ਗਿਣਤੀ 90,927 ਤੇ ਇਸ ਸਮੇਂ ਦੌਰਾਨ ਮੌਤਾਂ ਦੀ ਗਿਣਤੀ 2872 ਹੋ ਚੁੱਕੀ ਹੈ। ਇਨ੍ਹਾਂ ਵਿੱਚੋਂ 34,109 ਮਰੀਜ਼ ਠੀਕ ਹੋ ਕੇ ਆਪਣੇ ਘਰਾਂ ਵੱਲ ਵੀ ਜਾ ਚੁੱਕੇ ਹਨ। ਮਹਾਰਾਸ਼ਟਰ, ਗੁਜਰਾਤ, ਮੱਧ ਪ੍ਰਦੇਸ਼ ਤੇ ਪੱਛਮੀ ਬੰਗਾਲ ਦੀ ਸਥਿਤੀ ਅਜੇ ਵੀ ਚਿੰਤਾ ਵਾਲੀ ਲੱਗਦੀ ਹੈ। ਇਸ ਵੇਲੇ ਤੱਕ ਮਹਾਰਾਸ਼ਟਰ ਵਿੱਚ ਕੁੱਲ 30,706 ਕੇਸ ਅਤੇ 1135 ਮੌਤਾਂ ਹੋ ਚੁੱਕੀਆਂ ਹਨ। ਗੁਜਰਾਤ ਵਿੱਚ ਕੁੱਲ ਮੌਤਾਂ ਦੀ ਗਿਣਤੀ 625, ਮੱਧ ਪ੍ਰਦੇਸ਼ ਵਿੱਚ 243, ਪੱਛਮੀ ਬੰਗਾਲ ਵਿੱਚ 232, ਦਿੱਲੀ ਵਿੱਚ 129, ਰਾਜਸਥਾਨ ਵਿੱਚ 126 ਅਤੇ ਉੱਤਰ ਪ੍ਰਦੇਸ਼ ਵਿੱਚ ਕੁੱਲ 104 ਮੌਤਾਂ ਹੋ ਚੁੱਕੀਆਂ ਹਨ।

## ਸਪੇਸ ਤੋਂ ਜਿਊਂਦੇ ਪਰਤੇ ਬੀਜ, ਮੰਗਲ ਗ੍ਰਹਿ ਉਤੇ ਖੁਦ ਦਾ ਸਲਾਦ ਉਗਾ ਲੈਣ ਦੀ ਆਸ ਬੱਝੀ

ਲੰਡਨ, 17 ਮਈ (ਪੋਸਟ ਬਿਊਰੋ)- ਮੰਗਲ ਗ੍ਰਹਿ ਉੱਤੇ ਇਨਸਾਨ ਦੇ ਜਾਣ ਦੀ ਤਿਆਰੀ ਕੀਤੀ ਜਾ ਰਹੀ ਹੈ, ਜਿਸ ਲਈ ਵਿਗਿਆਨੀਆਂ ਦੀ ਕੋਸ਼ਿਸ਼ ਸਫਲ ਰਹੀ ਤਾਂ ਇਨਸਾਨ ਸਿਰਫ ਮੰਗਲ 'ਤੇ ਹੀ ਨਹੀਂ ਜਾਵੇਗਾ, ਸਗੋਂ ਸਲਾਦ ਦੀ ਖੇਤੀ ਕਰ ਸਕੇਗਾ। ਕਈ ਸਾਲ ਪਹਿਲਾਂ ਬ੍ਰਿਟਿਸ਼ ਐਸਟ੍ਰੋਨਾਟ ਟਿਮ ਪੀਕ ਨਾਲ ਲਗੱਭਗ ਦੋ ਕਿਲੋ ਰਾਕੇਟ ਸੀਡਸ ਨਾਲ ਇੰਟਰਨੈਸ਼ਨਲ ਸਪੇਸ ਸਟੇਸ਼ਨ ਗਏ ਸਨ। ਛੇ ਮਹੀਨੇ ਬਾਅਦ ਜਦੋਂ ਉਹ ਧਰਤੀ 'ਤੇ ਪਰਤੇ ਤਾਂ ਇਨ੍ਹਾਂ ਬੀਜਾਂ ਨੂੰ ਦੇਸ਼ 'ਚ ਛੇ ਲੱਖ ਬੱਚਿਆਂ ਨੇ ਉਗਾਇਆ ਤੇ ਦੇਖਿਆ ਕਿ ਇਨ੍ਹਾਂ ਨੂੰ ਪੁੰਗਰਨ 'ਚ ਥੋੜ੍ਹਾ ਸਮਾਂ ਲੱਗਾ, ਪਰ ਫਿਰ ਤੇਜ਼ੀ ਨਾਲ ਵਧੇ ਸਨ। ਵਿਗਿਆਨੀਆਂ ਦਾ ਕਹਿਣਾ ਹੈ ਕਿ ਸਪੇਸ 'ਚ ਜਾਣ ਨਾਲ ਬੀਜਾਂ ਦੇ ਵਿਕਾਸ 'ਤੇ ਖ਼ਾਸ ਫਰਕ ਨਹੀਂ ਪਿਆ। ਅਜਿਹੀ ਸੰਭਾਵਨਾ ਹੈ ਕਿ ਘੱਟ ਗ੍ਰੈਵਿਟੀ ਵਾਲੇ ਦੂਜੇ ਗ੍ਰਹਿ 'ਤੇ ਇਨਸਾਨ ਇਨ੍ਹਾਂ ਨੂੰ ਉਗਾ ਸਕਦਾ ਹੈ।

ਰਾਇਲ ਹਾਲੋਵੇ ਯੂਨੀਵਰਸਿਟੀ ਆਫ ਲੰਡਨ ਦੇ ਡਿਪਾਰਟਮੈਂਟ ਆਫ ਬਾਇਓਲਾਜੀਕਲ ਸਾਇੰਸਿਜ਼ ਦੇ ਡਾਕਟਰ ਜੇਕ ਚੈਂਡਲਰ ਦਾ ਕਹਿਣਾ ਹੈ ਕਿ ਹਾਈ ਕੁਆਲਿਟੀ ਦੇ ਬੀਜਾਂ ਨੂੰ ਸਪੇਸ 'ਚ ਭੇਜਣਾ ਮੰਗਲ ਵਰਗੇ ਗ੍ਰਹਿਆਂ ਉੱਤੇ ਬੂਟੇ ਉਗਾਉਣ ਦੇ ਲਈ ਅਹਿਮ ਹੈ, ਜਿਥੇ ਜੀਵਨ ਦੀ ਖੋਜ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਸਟੱਡੀ 'ਚ ਪਤਾ ਲੱਗਾ ਹੈ ਕਿ ਛੇ ਮਹੀਨੇ ਦੇ ਸਫਰ ਵਿੱਚ ਬੀਜ ਦੇ ਪੁਗਰਨ ਦੀ ਐਕਟੀਵਿਟੀ ਮੱਠੀ ਹੋਈ ਅਤੇ ਬਾਅਦ 'ਚ ਵਿਕਸਿਤ ਹੋਣ 'ਚ ਤੇਜ਼ੀ ਦੇਖੀ ਗਈ। ਮੰਨਿਆ ਜਾਂਦਾ ਹੈ ਕਿ ਰਾਕੇਟ ਸੀਡ ਤੇਜ਼ੀ ਨਾਲ ਵਧਣ ਦੇ ਪਿੱਛੇ ਕਾਸਮਿਕ ਰੇਜ ਤੋਂ ਨਿਕਲਦਾ ਰੇਡੀਏਸ਼ਨ, ਪ੍ਰੋਟਾਨ ਅਤੇ ਸੋਲਰ ਐਨਰਜਟਿਕ ਪਾਰਟੀਕਲਸ ਸਨ। ਮੰਗਲ ਉਤੇ ਰੇਡੀਏਸ਼ਨ ਇੰਟਰਨੈਸ਼ਨਲ ਸਪੇਸ ਸਟੇਸ਼ਨ ਨਾਲੋਂ ਘੱਟ ਤੋਂ ਘੱਟ ਪੰਜ ਗੁਣਾ ਵੱਧ ਹੋਵੇਗਾ, ਪਰ ਇਹ ਇੱਕ ਹਾਂ ਪੱਖੀ ਨਤੀਜਾ ਹੈ ਕਿ ਬੀਜ ਜਿਉਂਦੇ ਰਹੇ। ਇਸ ਲਈ ਜ਼ਿਆਦਾ ਸੁਰੱਖਿਅਤ ਰੱਖਣ ਉੱਤੇ ਮੰਗਲ 'ਤੇ ਖੁਦ ਦਾ ਉਗਾਇਆ ਸਲਾਦ ਖਾਣ ਦੀ ਆਸ ਕੀਤੀ ਜਾ ਸਕਦੀ ਹੈ। ਇਸ ਪ੍ਰੋਜੈਕਟ 'ਚ 8600 ਸਕੂਲਾਂ ਦੇ ਛੇ ਲੱਖ ਬੱਚਿਆਂ ਨੇ ਹਿੱਸਾ ਲਿਆ ਸੀ ਅਤੇ ਰਾਕੇਟ ਸੀਡਸ ਦਾ ਖ਼ਿਆਲ ਰੱਖਿਆ ਸੀ।

# ਹਾਲਟਨ ਪੁਲਿਸ ਨੇ ਕੀਤੀ ਓਕਵਿਲੇ ਵਿੱਚ ਵਾਪਰੇ ਦੋਹਰੇ ਗੋਲੀਕਾਂਡ ਦੇ ਸ਼ਿਕਾਰ ਵਿਅਕਤੀਆਂ ਦੀ ਪਛਾਣ

.....ਪੰਨਾ 1 ਦਾ ਬਾਕੀ

ਪੁਲਿਸ ਵੱਲੋਂ ਮ੍ਰਿਤਕਾਂ ਦੀ ਪਛਾਣ 43 ਸਾਲਾ ਆਫਹੀਦ ਅਲ ਰਹਿਮਤੁੱਲਾ ਤੇ 34 ਸਾਲਾ ਕਰੀਮ ਵੇਡ ਵਜੋਂ ਕੀਤੀ ਗਈ ਹੈ। ਦੋ ਹੋਰ ਵਿਅਕਤੀਆਂ ਦਾ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ। ਪੁਲਿਸ ਨੇ ਦੱਸਿਆ ਕਿ ਇਨ੍ਹਾਂ ਦੋਵਾਂ ਦੇ ਪੂਰੀ ਤਰ੍ਹਾਂ ਠੀਕ ਹੋਣ ਦੀ ਸੰਭਾਵਨਾ ਹੈ। ਜਾਂਚਕਾਰਾਂ ਦਾ ਕਹਿਣਾ ਹੈ ਕਿ ਗੋਲੀ ਚਲਾਉਣ ਦੇ ਕਾਰਨਾਂ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ ਪਰ ਉਨ੍ਹਾਂ ਦਾ ਮੰਨਣਾ ਹੈ ਕਿ ਇਨ੍ਹਾਂ ਵਿਅਕਤੀਆਂ ਨੂੰ ਸੋਚ ਸਮਝ ਕੇ ਨਿਸ਼ਾਨਾ ਬਣਾਇਆ ਗਿਆ।

ਪੁਲਿਸ ਵੱਲੋਂ ਅਜੇ ਤੱਕ ਮਸ਼ਕੂਕ ਦਾ ਵੇਰਵਾ ਜਾਰੀ ਨਹੀਂ ਕੀਤਾ ਗਿਆ ਹੈ ਪਰ ਪੁਲਿਸ ਨੇ ਆਖਿਆ ਕਿ ਉਹ ਗੋਲੀ ਚੱਲਣ ਸਮੇਂ ਇਲਾਕੇ ਵਿੱਚ ਵੇਖੀ ਗਈ ਚਿੱਟੇ ਰੰਗ ਦੀ ਸੇਡਾਨ ਦੇ ਡਰਾਈਵਰ ਨਾਲ ਜ਼ਰੂਰ ਗੱਲ ਕਰਨੀ ਚਾਹੁੰਦੀ ਹੈ। ਜਾਂਚਕਾਰਾਂ ਨੇ ਸਪਸ਼ਟ ਕੀਤਾ ਹੈ ਕਿ ਇਸ ਗੱਡੀ ਨੂੰ ਇਸ ਗੋਲੀਕਾਂਡ ਨਾਲ ਨਹੀਂ ਜੋੜਿਆ ਜਾ ਰਿਹਾ।

# ਪੈਂਟਾਗਨ ਅਧਿਕਾਰੀ ਦਾ ਦਾਅਵਾ: ਚੀਨ ਨੇ ਹਮਲਾ ਕਰ ਦਿੱਤਾ ਤਾਂ ਅਮਰੀਕਾ ਲਈ ਜਿੱਤਣਾ ਔਖਾ



ਵਾਸ਼ਿੰਗਟਨ, 17 ਮਈ, (ਪੋਸਟ ਬਿਊਰੋ)- ਅਮਰੀਕਾ ਤੇ ਚੀਨ ਦੇ ਆਪਸੀ ਸਬੰਧ ਜਦੋਂ ਅੱਜ ਤੱਕ ਦੇ ਸਭ ਤੋਂ ਬੁਰੇ ਦੌਰ ਤੋਂ ਲੰਘ ਰਹੇ ਹਨ ਅਤੇ ਕੋਰੋਨਾ ਵਾਇਰਸ, ਵਪਾਰ, ਤਾਈਵਾਨ ਦੇ ਸਟੇਟਸ ਅਤੇ ਸਾਊਥ ਚਾਈਨਾ ਸੀਅ ਉੱਤੇ ਕੰਟਰੋਲ ਦੇ ਮਾਮਲੇ ਵਿੱਚ ਦੋਵੇਂ ਆਹਮੋ-ਸਾਹਮਣੇ ਖੜੇ ਹਨ, ਓਦੋਂ ਜੇ ਚੀਨ ਦੇ ਨਾਲ ਅਮਰੀਕਾ ਦਾ ਭੇੜ ਹੋਵੇ ਹੈ ਤਾਂ ਉਸ ਦੇ ਨਤੀਜੇ ਕੀ ਹੋਣਗੇ, ਇਸ ਬਾਰੇ ਲੀਕ ਹੋਈ ਪੈਂਟਾਗਨ ਦੀ ਇਕ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਅਮਰੀਕਾ ਲਈ ਇਸ ਜੰਗ ਵਿਚ ਜਿੱਤਣਾ ਆਸਾਨ ਨਹੀਂ। ਇਸ ਤੋਂ ਪਹਿਲਾਂ ਚੀਨੀ ਮਾਹਰਾਂ ਨੇ ਕਿਹਾ ਸੀ ਕਿ ਅਮਰੀਕਾ ਨਾਲ ਲੜਾਈ ਲਈ ਉਨ੍ਹਾਂ ਨੂੰ 100 ਨਿਊਕਲੀਅਰ ਵਾਰ-ਹੈੱਡ ਦੀ ਜ਼ਰੂਰਤ ਹੋ ਸਕਦੀ ਹੈ।

'ਦਿ ਟਾਈਮਸ' ਅਖਬਾਰ ਨੂੰ ਇੱਕ ਅਮਰੀਕੀ ਫੌਜੀ ਸੂਤਰ ਨੇ ਦੱਸਿਆ ਕਿ ਜੇ ਚੀਨ ਦਾ ਹਮਲਾ ਹੋਇਆ ਤਾਂ ਇੰਡੋ ਪੈਸੇਫਿਕ ਖੇਤਰ ਵਿਚ ਅਮਰੀਕੀ ਕੈਰੀਅਰ ਬੈਟਲ ਗਰੁੱਪ ਅਤੇ ਬੇਸ ਉਸ ਨਾਲ ਨਜਿੱਠਣ ਦੀ ਸਥਿਤੀ ਵਿਚ ਨਹੀਂ ਹੋਣਗੇ। ਇਸ ਵਿਚ ਗੌਮ ਆਈਲੈਂਡ ਉੱਤੇ ਮੌਜੂਦ ਅਮਰੀਕਾ ਦਾ ਸਭ ਤੋਂ ਵੱਡਾ ਰਣਨੀਤਕ ਬੇਸ ਵੀ ਹੈ, ਜਿਥੋਂ ਬਾਮਰ ਲਾਂਚ ਕੀਤੇ ਜਾਂਦੇ ਹਨ। ਇਸ ਜਾਣਕਾਰ ਨੇ ਦੱਸਿਆ ਕਿ ਅਮਰੀਕੀ ਕੈਰੀਅਰ ਗਰੁੱਪ ਚੀਨੀ ਹਮਲਿਆਂ ਦਾ ਵਿਰੋਧ ਨਹੀਂ ਕਰ ਸਕਣਗੇ ਅਤੇ ਉਨ੍ਹਾਂ ਨੂੰ ਵੱਡਾ ਨੁਕਸਾਨ ਹੋ ਸਕਦਾ ਹੈ। ਉਨ੍ਹਾਂ ਦੱਸਿਆ ਕਿ ਚੀਨ ਕੋਲ ਲੰਬੀ ਦੂਰੀ ਦੀਆਂ ਐਂਟੀ ਸ਼ਿਪ ਬੈਲੇਸਟਿਕ ਮਿਜ਼ਾਈਲਾਂ ਅਤੇ ਹਾਈਪਰਸੋਨਿਕ ਮਿਜ਼ਾਈਲਾਂ ਵੀ ਮੌਜੂਦ ਹਨ।

ਵਰਨਣ ਯੋਗ ਹੈ ਕਿ ਅਮਰੀਕਾ ਦੇ ਜੰਗੀ ਬੇੜੇ ਇਸ ਵੇਲੇ ਪੈਸੇਫਿਕ ਸਾਗਰ ਵਿਚ ਐਕਸਰਸਾਈਜ਼ ਕਰ ਰਹੇ ਹਨ। ਇਸ ਦੀ ਤਸਵੀਰ ਯੂ ਐਸ ਪੈਸੇਫਿਕ ਫਲੀਟ ਨੇ ਟਵੀਟ ਕੀਤੀ ਹੈ, ਜਿਸ ਵਿਚ ਯੂ ਐਸ ਐਸ ਪ੍ਰਿੰਸਟਨ, ਯੂ ਐਸ ਐਸ ਰਾਲਫ ਜਾਨਸਨ ਤੇ ਯੂ ਐਸ ਐਸ ਟੈਰੇਟ ਸ਼ਾਮਲ ਹਨ। ਇਨ੍ਹਾਂ ਨੇ ਨਿਮਿਟਜ਼ ਕੈਰੀਅਰ ਸਟਰਾਈਕ ਗਰੁੱਪ ਦੀ ਟ੍ਰੇਨਿੰਗ ਵਜੋਂ ਲਾਈਵ ਫਾਇਰ ਇਵੈਂਟ ਵਿਚ ਹਿੱਸਾ ਲਿਆ। ਚੀਨ ਨਾਲ ਤਣਾਅ ਦੇ ਦੌਰਾਨ ਅਮਰੀਕਾ ਪੂਰੀ ਤਿਆਰੀ ਕਰਦਾ ਰਿਹਾ ਹੈ।


Paramjit Deol
Broker
CELL: 416-993-7378
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

"Your neighborhood broker, Call Paramjit Deol Today"

Mississauga $749,000
7089 Torbram Rd: Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

Vaughan $499,000
3210 Highway 7 Rd 5511: Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

Kitchener $599,000
Westmount/Blockline Rd: Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

Brampton $699,000
39 Shiff Cres: This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard, Entrance Garage From Inside.

MISSISSAUGA $299,000
Photo Not Available
7885 Tranmere Dr: Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

Misisisauga $749,000
7089 Torbram Rd : Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

Blandford $349,000
Photo Not Available
23 Wilmot St: Sale Of Business With Property Gas Stations in Blandford-Blenheim Oxford area. For more information Call Paramjit Deol at 905-405-8484.

Oshawa $659,000
Photo Not Available
Simcoe St/Highway 407: Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

Brampton $1,900,000
Photo Not Available
115 Orenda Dr: Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks, Very Low Rent, Tons Of Inventory.

Brampton $749,000
Mississauga Rd/Sandalwood Pkwy : 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

Barrie $769,000
Ferndale & Edgehill : Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit, 13 Feet High Ceiling In Dining Room Situated On A Ravine Backing With An Extra Deep Lot.

Oshawa $659,000
Photo Not Available
150 Windfields Farm Dr 86: Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

Brampton $789,000
124 Cornwall Rd: Move In Ready Designer Concept, Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

Toronto $959,500
Queen St/Logan Ave: Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

New Tecumseth $978,888
King St/Industry: Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

Mississauga $715,000
Derry And Mclaughlin: One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019



ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

# ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ

24 ਘੰਟੇ ਤੁਹਾਡੀ ਸੇਵਾ ਵਿੱਚ

CANADIAN GLASS AND WINDOW

SINGH (TOCHI)
416-454-3031
647-784-8240
Email: tochisangha1@hotmail.com


# ਕੈਪਟਨ ਅਮਰਿੰਦਰ ਸਿੰਘ ਦਾ ਐਲਾਨ: ਪੰਜਾਬ ਵਿੱਚ 18 ਮਈ ਤੋਂ ਕਰਫ਼ਿਊ ਖਤਮ

## ਲਾਕਡਾਊਨ 31 ਮਈ ਤੱਕ ਜਾਰੀ ਰਹੇਗਾ

ਚੰਡੀਗੜ੍ਹ, 17 ਮਈ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 18 ਮਈ ਤੋਂ ਇਸ ਰਾਜ ਵਿੱਚੋਂ ਕਰਫਿਊ ਹਟਾਉਣ ਦਾ ਐਲਾਨ ਕਰ ਦਿੱਤਾ ਹੈ। ਅੱਜ ਸ਼ਨਿਚਰਵਾਰ ਸ਼ਾਮ ਆਪਣੇ ਫੇਸਬੁੱਕ ਪੇਜ ਤੋਂ ਆਮ ਲੋਕਾਂ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪੰਜਾਬ ਦੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਭਾਰਤ ਵਿਚ ਲਾਕਡਾਊਨ ਦਾ ਚੌਥਾ ਗੇੜ 18 ਮਈ ਤੋਂ ਸ਼ੁਰੂ ਹੋਵੇਗਾ, ਪਰ ਪੰਜਾਬ ਵਿੱਚ ਲੱਗਾ ਕਰਫਿਊ 18 ਮਈ ਨੂੰ ਖ਼ਤਮ ਕਰ ਦਿੱਤਾ ਜਾਵੇਗਾ ਅਤੇ ਇਸ ਦੇ ਬਾਅਦ 31 ਮਈ ਤਕ ਲਾਕਡਾਊਨ ਲਾਗੂ ਰਹੇਗਾ।

ਖੁੱਲ੍ਹੀ ਗੱਲ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਲਾਕਡਾਊਨ ਕਦੋਂ ਤੱਕ ਚੱਲੇਗਾ, ਅਜੇ ਨਹੀਂ ਕਿਹਾ ਜਾ ਸਕਦਾ, ਕਿਉਂਕਿ ਉਨ੍ਹਾਂ ਲਈ ਪੰਜਾਬੀਆਂ ਦੀ ਜ਼ਿੰਦਗੀ ਸਭ ਤੋਂ ਅਹਿਮ ਤੇ ਪਹਿਲੀ ਗੱਲ ਹੈ। ਉਨ੍ਹਾ ਨੇ ਪੰਜਾਬ ਦੇ ਲੋਕਾਂ ਨੂੰ ਭਰੋਸਾ ਦਿੱਤਾ ਕਿ 18 ਮਈ ਨੂੰ ਕਰਫਿਊ ਹਟਾਉਣ ਦੇ ਨਾਲ ਕਾਫ਼ੀ ਛੋਟ ਦੇ ਦਿੱਤੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਉਹ ਗਰੀਨ, ਔਰੇਂਜ ਜਾਂ ਰੈੱਡ ਕੰਟੇਨਮੈਂਟ ਜ਼ੋਨ ਨਹੀਂ ਮੰਨਦੇ ਤੇ ਇਸ ਬਾਰੇ ਉਨ੍ਹਾਂ ਪ੍ਰਧਾਨ ਮੰਤਰੀ ਨੂੰ ਵੀ ਦੱਸ ਦਿੱਤਾ ਹੈ ਕਿ ਕੰਟੇਨਮੈਂਟ ਦਾ ਮੁੱਦਾ ਰਾਜ ਸਰਕਾਰਾਂ ਉੱਤੇ ਛੱਡ ਦਿੱਤਾ ਜਾਵੇ, ਕਿਉਂਕਿ ਇਹ ਜ਼ਿਲਾ ਅਧਿਕਾਰੀਆਂ ਨੂੰ ਵੱਧ ਪਤਾ ਹੈ। ਉਨ੍ਹਾਂ ਕਿਹਾ ਕਿ ਉਹ ਸਿਰਫ ਕੰਟੇਨਮੈਂਟ ਜਾਂ ਨਾਨ-ਕੰਟੇਨਮੈਂਟ ਜ਼ੋਨ ਨੂੰ ਮੰਨਦੇ ਹਨ ਅਤੇ ਜਿੱਥੇ ਮਰੀਜ਼ ਮਿਲੇ, ਉਹ ਖੇਤਰ ਸਖ਼ਤੀ ਨਾਲ ਸੀਲ ਕੀਤਾ ਜਾਵੇਗਾ, ਬਾਕੀ ਖੇਤਰ ਖੁੱਲ੍ਹਾ ਰਹੇਗਾ। ਉਨ੍ਹਾਂ ਕਿਹਾ ਕਿ ਕਰੀਬ 80 ਹਜ਼ਾਰ ਪੰਜਾਬੀ ਲੋਕਾਂ ਨੇ ਵਿਦੇਸ਼ ਤੋਂ ਆਉਣਾ ਹੈ, ਇਸ ਲਈ ਹਾਲਤ ਨਾਜ਼ੁਕ ਹੈ। ਬਾਹਰੋਂ ਆਏ ਲੋਕਾਂ ਨੂੰ 14 ਦਿਨ ਇਕਾਂਤਵਾਸ ਰੱਖਿਆ ਜਾਵੇਗਾ, ਜਿਹੜੇ ਠੀਕ ਹੋਣਗੇ, ਉਨ੍ਹਾਂ ਨੂੰ ਘਰੀਂ ਭੇਜ ਕੇ ਓਥੇ ਹੀ ਇਕਾਂਤਵਾਸ ਕੀਤਾ ਜਾਵੇਗਾ। ਉਨ੍ਹਾ ਨੇ ਰੇਲਾਂ ਅਤੇ ਫਲਾਈਟਸ ਚਲਾਉਣ ਦਾ ਵੀ ਪੱਖ ਲਿਆ ਤੇ 18 ਮਈ ਤੋਂ ਟਰਾਂਸਪੋਰਟ ਚਲਾਉਣ ਦੇ ਵੀ ਸੰਕੇਤ ਦਿੱਤੇ ਹਨ।

ਇਸ ਮੌਕੇ ਮੁੱਖ ਮੰਤਰੀ ਨੇ ਕਿਸਾਨਾਂ ਨੂੰ 10 ਜੂਨ ਤੋਂ ਝੋਨਾ ਲਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਜੇ ਪਹਿਲੀ ਜੂਨ ਤੋਂ ਝੋਨਾ ਲਾਇਆ ਤਾਂ ਅਗੇਤੀ ਫ਼ਸਲ ਕੱਟਣ ਨਾਲ ਨਮੀ ਆਵੇਗੀ, ਕਿਉਂਕਿ ਅਗਸਤ-ਸਤੰਬਰ ਵਿਚ ਮੀਂਹ ਪੈਣ ਦੀ ਸੰਭਾਵਨਾ ਹੈ ਅਤੇ ਨਮੀ ਵਾਲਾ ਝੋਨਾ ਵੇਚਣ ਦੀ ਪਰੇਸ਼ਾਨੀ ਆਵੇਗੀ। ਉਨ੍ਹਾਂ ਨੇ ਕਿਸਾਨਾਂ ਨੂੰ ਕਿਹਾ, 'ਮੇਰੀ ਗੱਲ ਮੰਨੋ, ਝੋਨਾ 10 ਜੂਨ ਤੋਂ ਹੀ ਲਾਇਓ।' ਉਨ੍ਹਾਂ ਦੱਸਿਆ ਕਿ 123 ਲੱਖ ਮੀਟਰਕ ਟਨ ਕਣਕ ਮੰਡੀ ਵਿਚ ਆ ਚੁੱਕੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਬਿਮਾਰੀ ਫੈਲਣ ਦੇ ਡਰ ਨਾਲ ਨਿੱਜੀ ਦੂਰੀ ਰੱਖਣੀ ਜ਼ਰੂਰੀ ਹੈ, ਜੇ ਸਕੂਲ ਖੋਲ੍ਹਾਂਗੇ ਤਾਂ ਬੱਚੇ ਇਕੱਠੇ ਬੈਂਚਾਂ ਉੱਤੇ ਬੈਠਣ ਤੇ ਖੇਡਣਗੇ, ਇਸ ਲਈ ਉਹ ਸਕੂਲ ਖੋਲ੍ਹਣ ਦਾ ਖ਼ਤਰਾ ਨਹੀਂ ਲੈਣਾ ਚਾਹੁੰਦੇ। ਉਨ੍ਹਾਂ ਦੱਸਿਆ ਕਿ ਨਿੱਜੀ ਸਕੂਲਾਂ ਨੂੰ ਫੀਸਾਂ ਨਾ ਵਧਾਉਣ ਦੇ ਹੁਕਮ ਦਿੱਤੇ ਅਤੇ ਕਿਹਾ ਗਿਆ ਹੈ ਕਿ ਹਰ ਸਾਲ ਅੱਠ ਫ਼ੀਸਦੀ ਫੀਸ ਵਧਾਉਣ ਦਾ ਫ਼ੈਸਲਾ ਇਸ ਸਾਲ ਲਾਗੂ ਨਾ ਕਰਨ। ਕਾਰੋਬਾਰ ਬਾਰੇ ਮੁੱਖ ਮੰਤਰੀ ਨੇ ਇਹ ਕਿਹਾ ਕਿ 18 ਮਈ ਨੂੰ ਕਾਫ਼ੀ ਛੋਟਾਂ ਮਿਲ ਜਾਣਗੀਆਂ, ਵੱਡੇ ਕਾਰੋਬਾਰ, ਫੈਕਟਰੀਆਂ ਚਾਲੂ ਕਰਵਾ ਦਿੱਤੀਆਂ ਹਨ, ਛੋਟੀ ਇੰਡਸਟਰੀ ਤੇ ਕਾਰੋਬਾਰ ਵੀ ਖੋਲ੍ਹ ਦਿੱਤੇ ਜਾਣਗੇ।


jobs! jobs! jobs! jobs! jobs!

DUNDAS·JAFINE

# HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ


ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com



UK TRUCK TRAINING CENTRE
ukttc
PCC #179958
Registered as a Private Careers College

ਹੁਣ ਕੈਮਬ੍ਰਿਜ ਵਿਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



➜ Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

➜ Forklift Training
Forklift $79 Recertification





ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।

We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936



KARTAR FURNITURE

ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ





ਕਰਤਾਰ ਫਰਨੀਚਰ
- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਣ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657
69 Westmore Dr. #20 Etobicoke ON, M9V 3Y6



We Provide services:
- Corporation Registration
- Corporation Tax Returns
- Personal Tax Retrurns
- Accounting •Book - Keeping
- H.S.T •WSIB •T4 •E-File
- Assistance in Audit with CRA

CPA CHARTERED PROFESSIONAL ACCOUNTANTS

Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com



7956 Torbram Rd, Unit #209, Brampton, ON L6T 5A2 Fax: 905-291-0741



# ਬਰਾੜ ਗਰਾਜ ਡੋਰ



ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers




We Install Garage Door Openers

• ਕਾਲ ਕਰੋ: 416-357-4082 •



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

▷ VISITOR TO CANADA INSURANCE
▷ TRAVEL OUT INSURANCE
▷ INTERNATIONAL STUDENT INSURANCE
▷ OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7



Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

BOBBY SIDHU
partner
(Serving the Community for Over 16 yrs.)

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ। ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust


You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

# ਦਵਾਈ ਲੱਭੇ ਨਾ ਲੱਭੇ, ਕੋਰੋਨਾ ਦੇ ਹੁੰਦਿਆਂ ਵੀ ਮਨੁੱਖ ਨੂੰ ਜਿਉਣ ਦਾ ਵੱਲ ਸਿੱਖਣਾ ਪੈ ਜਾਣੈ



ਜਤਿੰਦਰ ਪੰਨੂ

ਸਾਨੂੰ ਸਾਰਿਆਂ ਨੂੰ ਇੱਕੀਵੀਂ ਸਦੀ ਦੇ ਚੜ੍ਹਨ ਦੀ ਬੜੀ ਤੀਬਰਤਾ ਨਾਲ ਉਡੀਕ ਸੀ। ਕਈ ਲੋਕ ਓਦੋਂ ਏਨੇ ਕਾਹਲੇ ਦਿਖਾਈ ਦੇਂਦੇ ਸਨ ਕਿ ਵੱਸ ਦੀ ਗੱਲ ਹੁੰਦੀ ਤਾਂ ਅੱਗਲਵਾਂਢੀ ਇੱਕੀਵੀਂ ਸਦੀ ਨੂੰ ਮਿਲਣ ਲਈ ਉਹ ਜੁੱਤੀ ਚੁੱਕ ਕੇ ਦੌੜਨ ਲੱਗ ਜਾਂਦੇ ਜਾਂ ਕੈਲੰਡਰ ਦੇ ਵਰਕੇ ਪਲਟ ਕੇ ਨਵੀਂ ਸਦੀ ਛੇਤੀ ਸ਼ੁਰੂ ਕਰਨ ਦੀ ਸੋਚ ਲੈਂਦੇ। ਇਹ ਕੁਝ ਸੰਭਵ ਨਹੀਂ ਸੀ ਤੇ ਇਹ ਗੱਲ ਵੀ ਕਿਸੇ ਨੇ ਨਹੀਂ ਸੀ ਸੋਚੀ ਕਿ ਨਵੀਂ ਸਦੀਂ ਸਾਡੇ ਇਸ ਸੰਸਾਰ ਲਈ ਕਿਹੋ ਜਿਹਾ ਸਮਾਂ ਲਿਆਵੇਗੀ। ਜਿਹੜਾ ਕੋਰੋਨਾ ਵਾਇਰਸ ਪਿਛਲੀ ਸਦੀ ਦੇ ਅੱਧ ਦੇ ਅੱਗੇ-ਪਿੱਛੇ ਬਣਿਆ ਅਤੇ ਪਛਾਣਿਆ ਦੱਸਿਆ ਜਾਂਦਾ ਸੀ, ਨਵੀਂ ਸਦੀ ਵਿੱਚ ਉਹ ਪਹਿਲੇ ਵੀਹਾਂ ਸਾਲਾਂ ਵਿੱਚ ਤਿੰਨ ਵਾਰੀ ਆਪਣੇ ਡੰਗ ਦਾ ਅਹਿਸਾਸ ਕਰਵਾ ਚੁੱਕਾ ਹੈ। ਹਰ ਵਾਰੀ ਨਵੇਂ ਨਾਂਅ ਦੇ ਨਾਲ ਜਾਣਿਆ ਗਿਆ ਇਹ ਵਾਇਰਸ ਇਸ ਵਾਰੀ ਪਿਛਲੇ ਦਸੰਬਰ ਵਿੱਚ ਉੱਭਰਿਆ ਹੋਣ ਕਾਰਨ ਇਸ ਨੂੰ 'ਕੋਵਿਡ-19' ਦਾ ਨਵਾਂ ਨਾਂਅ ਦਿੱਤਾ ਗਿਆ ਹੈ। ਇਸ ਦੀ ਮਾਰ ਪਿਛਲੇ ਕਿਸੇ ਵੀ ਸਮੇਂ ਦੇ ਫਲੂ ਜਾਂ ਹੋਰ ਵਾਇਰਸ ਤੋਂ ਵੱਧ ਨਿਕਲੀ ਹੈ।

ਜਦੋਂ ਇਹ ਆਪਣੇ ਕਹਿਰ ਦਾ ਮੁੱਢਲਾ ਅਹਿਸਾਸ ਕਰਵਾਉਣ ਲੱਗਾ ਤਾਂ ਚੀਨ ਦੇ ਵੂਹਾਨ ਸ਼ਹਿਰ ਵਿੱਚ ਹਰ ਪਾਸੇ ਤੋਂ ਹਰ ਤਰ੍ਹਾਂ ਦਾ ਆਉਣ-ਜਾਣ ਰੋਕ ਕੇ ਲਾਕਡਾਊਨ ਕਰਨ ਦੀ ਕਾਰਵਾਈ ਬਾਕੀ ਸੰਸਾਰ ਲਈ ਹੈਰਾਨੀ ਵਾਲੀ ਸੀ। ਉਸ ਦੇ ਬਾਅਦ ਜਦੋਂ ਇਹ ਬਾਕੀ ਦੇਸ਼ਾਂ ਵਿੱਚ ਵੀ ਉੱਭਰਨ ਲੱਗਾ ਤਾਂ ਓਥੋਂ ਦੇ ਲੋਕਾਂ ਨੂੰ ਲਾਕਡਾਊਨ ਦੀ ਸਮਝ ਪਈ ਤੇ ਅਗਲੇ ਪੜਾਅ ਵਿੱਚ ਬਹੁਤੇ ਦੇਸ਼ਾਂ ਨੇ ਆਪਣੇ ਲੋਕਾਂ ਨੂੰ ਬਚਾਉਣ ਲਈ ਕਰਫਿਊ ਜਾਂ ਲਾਕਡਾਊਨ ਦਾ ਐਲਾਨ ਇਸ ਤਰ੍ਹਾਂ ਕਾਹਲੀ ਵਿੱਚ ਕਰਨਾ ਸ਼ੁਰੂ ਕੀਤਾ ਕਿ ਲੋਕ ਬੌਂਦਲ ਜਿਹੇ ਗਏ। ਬਹੁਤੇ ਲੋਕਾਂ ਨੂੰ ਇਹ ਕਦਮ ਠੀਕ ਜਾਪਦਾ ਸੀ, ਪਰ ਕੁਝ ਵਿਰੋਧੀ ਸੁਰਾਂ ਵੀ ਕੱਢਦੇ ਰਹੇ। ਉਹ ਕਹਿੰਦੇ ਸਨ ਕਿ ਇਸ ਤੋਂ ਬਿਨਾਂ ਵੀ ਕੋਈ ਰਾਹ ਨਿਕਲ ਸਕਦਾ ਹੈ। ਪਾਸੇ ਬੈਠੇ ਲੋਕ ਏਦਾਂ ਦੇ ਫਾਰਮੂਲੇ ਬਹੁਤ ਦੱਸ ਸਕਦੇ ਹਨ, ਪਰ ਜ਼ਿਮੇਵਾਰੀ ਨਿਭਾਉਣ ਵਾਲੇ ਦੀ ਨੁਕਤਾਚੀਨੀ ਕਰਨ ਦਾ ਅਧਿਕਾਰ ਸਿਰਫ ਸਾਡੇ ਕੋਲ ਨਹੀਂ ਹੁੰਦਾ, ਕੁਝ ਹੋਰ ਲੋਕ ਸਾਡੇ ਤੋਂ ਵੱਖਰੀ ਸੋਚ ਵਾਲੇ ਵੀ ਹੁੰਦੇ ਹਨ। ਵੱਖਰੀ ਸੋਚ ਵਾਲੇ ਉਨ੍ਹਾਂ ਲੋਕਾਂ ਨੇ ਫਿਰ ਇਹ ਕਹਿਣਾ ਸੀ ਕਿ ਸਰਕਾਰ ਚਲਾਉਣ ਵਾਲਿਆਂ ਨੇ ਲਾਕਡਾਊਨ ਲਾਉਣ ਦੀ ਅਕਲ ਨਹੀਂ ਕੀਤੀ ਅਤੇ ਮੁਲਕ ਦੇ ਲੋਕ ਮਰਵਾ ਦਿੱਤੇ ਹਨ। ਜ਼ਿੰਮੇਵਾਰੀ ਦੀ ਪੰਡ ਚੁੱਕਣ ਵਾਲੇ ਨੂੰ ਦੋਵਾਂ ਤਰ੍ਹਾਂ ਦੀਆਂ ਗੱਲਾਂ ਸੁਣਨੀਆਂ ਪੈਂਦੀਆਂ ਹਨ।

ਪਿਛਲੇ ਦੋ ਮਹੀਨਿਆਂ ਦਾ ਤਜਰਬਾ ਸਾਡੀ ਨਜ਼ਰ ਵਿੱਚ ਇਹ ਕਹਿੰਦਾ ਹੈ ਕਿ ਉਸ ਵੇਲੇ ਅਚਾਨਕ ਪਈ ਔਕੜ ਦੇ ਬਾਰੇ ਲੋਕਾਂ ਨੂੰ ਸਮਝ ਵੀ ਨਹੀਂ ਸੀ ਤੇ ਜੇ ਓਦਾਂ ਇਹ ਕਿਹਾ ਜਾਂਦਾ ਕਿ ਆਹ ਸਾਵਧਾਨੀਆਂ ਵਰਤਣੀਆਂ ਹਨ ਤਾਂ ਲੋਕਾਂ ਨੇ ਉਹ ਛੇਤੀ ਮੰਨਣੀਆਂ ਵੀ ਨਹੀਂ ਸਨ। ਆਮ ਲੋਕ ਅਜੇ ਤੱਕ ਵੀ ਜ਼ਰਾ ਕੁ ਮੌਕਾ ਮਿਲੇ ਤਾਂ ਮਜਬੂਰੀ ਵਿੱਚ ਜਾਂ ਮਨ ਦੀ ਮੌਜ ਵਿੱਚ ਵੀ ਕਈ ਥਾਂ ਭੀੜਾਂ ਜੋੜਨ ਤੋਂ ਨਹੀਂ ਹਟਦੇ। ਸਰਕਾਰੀ ਡੰਡੇ ਦੇ ਡਰ ਨਾਲ ਵਿਆਹ ਜ਼ਰੂਰ ਥੋੜ੍ਹੇ ਬੰਦਿਆਂ ਨਾਲ ਹੋਣ ਲੱਗ ਪਏ ਹਨ, ਬਾਕੀ ਗੱਲਾਂ ਵਿੱਚ ਅਜੇ ਵੀ ਸਾਡੇ ਲੋਕ




ਹਰ ਪਾਸੇ ਭੀੜ ਕਰੀ ਜਾਂਦੇ ਹਨ। ਉਂਜ ਕੁਝ ਹੱਦ ਤੱਕ ਇਹ ਗੱਲ ਆਮ ਲੋਕਾਂ ਦੀ ਸਮਝ ਦਾ ਹਿੱਸਾ ਬਣਨ ਲੱਗ ਪਈ ਹੈ ਕਿ ਇੱਕ ਦੂਸਰੇ ਤੋਂ ਫਾਸਲਾ ਰੱਖਣਾ ਸਾਡੇ ਸਾਰਿਆਂ ਦੇ ਆਪਣੇ ਹੀ ਭਲੇ ਵਿੱਚ ਹੈ। ਕਿਉਂਕਿ ਸਦਾ ਲਈ ਲਾਕਡਾਊਨ ਲਾ ਕੇ ਨਹੀਂ ਸਾਰਿਆ ਜਾ ਸਕਦਾ, ਇਸ ਲਈ ਅਗਲੇ ਦਿਨਾਂ ਵਿੱਚ ਲੋਕਾਂ ਦੀ ਇਹੋ ਜਿਹੀ ਸਮਝਦਾਰੀ ਹੀ ਸਮਾਜ ਨੂੰ ਕੋਰੋਨਾ ਵਾਇਰਸ ਦੀ ਇਸ ਮਹਾਮਾਰੀ ਤੋਂ ਬਚਾ ਸਕਦੀ ਹੈ।

ਅਸੀਂ ਇਹ ਗੱਲ ਕੋਈ ਦੋ ਹਫਤੇ ਪਹਿਲਾਂ ਕਹਿ ਦਿੱਤੀ ਸੀ ਤੇ ਕਈ ਲੋਕਾਂ ਨੂੰ ਗਲਤ ਵੀ ਲੱਗੀ ਸੀ ਕਿ ਏਡਜ਼ ਦੀ ਬਿਮਾਰੀ ਉੱਠੀ ਤਾਂ ਕਿਹਾ ਗਿਆ ਸੀ ਕਿ ਇਹ ਮਨੁੱਖਤਾ ਨੂੰ ਮਾਰ ਦੇਵੇਗੀ, ਪਰ ਉਹ ਮਾਰ ਨਹੀਂ ਸੀ ਸਕੀ। ਇਸ ਦੀ ਥਾਂ ਬਹੁਤ ਸਾਰੇ ਲੋਕਾਂ ਨੇ ਐੱਚ ਆਈ ਵੀ ਪਾਜ਼ਿਟਿਵ ਹੁੰਦਿਆਂ ਵੀ ਜਿਊਣਾ ਸਿੱਖ ਲਿਆ ਸੀ। ਏਸੇ ਤਰ੍ਹਾਂ ਕੋਰੋਨਾ ਵਾਇਰਸ ਦੇ ਹੁੰਦਿਆਂ ਵੀ ਲੋਕਾਂ ਨੇ ਜਿਊਣ ਦਾ ਕੋਈ ਕੁਝ ਵੱਲ ਸਿੱਖ ਹੀ ਲੈਣਾ ਹੈ। ਅਸੀਂ ਇਸ ਮੌਕੇ ਇੱਕ ਵਿਅਕਤੀ ਬਾਰੇ ਦੱਸਣ ਦੀ ਲੋੜ ਸਮਝਦੇ ਹਾਂ, ਜਿਹੜਾ ਏਡਜ਼ ਰੋਗ ਨਾਲ ਅੱਜ ਤੱਕ ਸਭ ਤੋਂ ਵੱਧ ਸਮੇਂ ਤੋਂ ਜ਼ਿੰਦਾ ਹੈ। ਪੁਰਤਗਾਲ ਦੇ ਵਸਨੀਕ, ਜਿਸ ਦਾ ਅਸਲ ਨਾਂਅ ਦੱਸਣ ਦੀ ਮਨਾਹੀ ਹੈ ਅਤੇ ਉਸ ਨੂੰ 'ਲਿਸਬਨ ਪੇਸ਼ੈਂਟ' ਕਿਹਾ ਜਾਂਦਾ ਹੈ, ਨੂੰ ਸੋਲਾਂ ਕੁ ਸਾਲ ਪਹਿਲਾਂ ਕਿਸੇ ਕਾਰਨ ਹਸਪਤਾਲ ਜਾਣਾ ਪਿਆ ਤਾਂ ਓਥੇ ਜਾਣ ਤੱਕ ਉਹ ਠੀਕ ਸੀ, ਪਰ ਅਗਲੇ ਦਿਨ ਟੈੱਸਟ ਰਿਪੋਰਟਾਂ ਵਿੱਚ ਉਹ ਏਡਜ਼ ਦੀ ਇਨਫੈਕਸ਼ਨ ਵਾਲਾ ਮਰੀਜ਼ ਐੱਚ ਆਈ ਵੀ ਪਾਜ਼ਿਟਿਵ ਬਣ ਗਿਆ। ਓਦੋਂ ਉਹ ਚੁਰਾਸੀ ਸਾਲਾਂ ਦਾ ਸੀ, ਪਰ ਉਸ ਨੇ ਹਿੰਮਤ ਨਹੀਂ ਹਾਰੀ ਤੇ ਉਸ ਨੂੰ ਸਿਹਤ ਸੰਭਾਲ ਲਈ ਹਰ ਕਿਸਮ ਦੀ ਸਲਾਹ ਦੇਣ ਤੱਕ ਦੀ ਡਾਕਟਰੀ ਮਦਦ ਵੀ ਮਿਲਦੀ ਰਹੀ। ਏਨੀ ਉਮਰ ਦੇ ਲੋਕ ਹੌਸਲਾ ਛੱਡ ਬੈਠਦੇ ਹਨ, ਪਰ ਇਸ ਕੇਸ ਵਾਲੇ ਚੁਰਾਸੀ ਸਾਲ ਉਮਰ ਦੇ ਵਿਅਕਤੀ ਨੇ ਹੌਸਲਾ ਨਹੀਂ ਛੱਡਿਆ ਅਤੇ ਨਤੀਜਾ ਇਹ ਹੋਇਆ ਕਿ ਪਿਛਲੇ ਸਾਲ ਸਤੰਬਰ ਦੀ ਉੱਨੀ ਤਰੀਕ ਨੂੰ ਉਸ ਨੇ ਆਪਣਾ ਸੌਵਾਂ ਸਾਲ ਪੂਰਾ ਕਰ ਲਿਆ ਹੈ। ਏਡਜ਼ ਦੇ ਵਿਸ਼ਾਣੂੰ ਐੱਚ ਆਈ ਵੀ ਤੋਂ ਪਾਜ਼ਿਟਿਵ ਸਾਬਤ ਹੋਣ ਮਗਰੋਂ ਸਭ ਤੋਂ ਵੱਧ ਸਮਾਂ ਜਿਊਣ ਦਾ ਰਿਕਾਰਡ ਅੱਜ ਉਸ ਬਜ਼ੁਰਗ ਦੇ ਨਾਂਅ ਹੈ। ਉਹ ਬਾਕੀ ਲੋਕਾਂ ਲਈ ਇੱਕ ਮਿਸਾਲ ਬਣ ਗਿਆ ਹੈ। ਏਡਜ਼ ਦੀ ਬਿਮਾਰੀ ਦੇ ਨਾਲ ਜੇ ਉਹ ਏਨਾ ਲੰਮਾ ਸਮਾਂ ਜ਼ਿੰਦਾ ਰਹਿ ਸਕਦਾ ਹੈ ਤਾਂ ਸਾਨੂੰ ਵੀ ਕੋਰੋਨਾ ਨਾਲ ਰਹਿਣ ਦਾ ਵੱਲ ਸਿੱਖਣਾ ਪਵੇਗਾ।

ਕੋਰੋਨਾ ਵਾਇਰਸ ਦੇ ਨਾਲ ਜਿਊਣ ਦਾ ਵੱਲ ਸਿੱਖਣ ਦੀ ਗੱਲ ਅਸੀਂ ਇਸ ਲਈ ਕਹੀ ਹੈ ਕਿ ਪਹਿਲਾਂ ਜਦੋਂ ਏਡਜ਼ ਦੇ ਹੁੰਦਿਆਂ ਜ਼ਿੰਦਾ ਰਹਿਣ ਵਾਲੀ ਗੱਲ ਅਸੀਂ ਦੱਸੀ ਤਾਂ ਕਈ ਲੋਕਾਂ ਨੂੰ ਗਲਤ ਲੱਗਾ ਸੀ। ਅੱਜ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਅਤੇ ਸੰਸਾਰ ਸਿਹਤ ਸੰਗਠਨ (ਡਬਲਿਊ ਐੱਚ ਓ) ਵਾਲੇ ਲੋਕ ਵੀ ਇਹੋ ਕਹਿ ਰਹੇ ਹਨ। ਬ੍ਰਿਟਿਸ਼ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਨੇ ਬੀਤੇ ਤੇਰਾਂ ਮਈ ਵਾਲੇ ਦਿਨ ਆਪਣੇ ਦੇਸ਼ ਵਿੱਚ ਲਾਕਡਾਊਨ ਵਿੱਚ ਢਿੱਲਾਂ ਦਾ ਐਲਾਨ ਕਰਦੇ ਸਮੇਂ ਕਿਹਾ ਹੈ ਕਿ ਆਸ ਹੈ ਕਿ ਕੋਰੋਨਾ ਵਾਇਰਸ ਦਾ ਇਲਾਜ ਲੱਭ ਪਵੇਗਾ, ਪਰ ਇਹ ਵੀ ਹੋ ਸਕਦਾ ਹੈ ਕਿ ਇਹ ਇਲਾਜ ਕਦੇ ਲੱਭੇ ਹੀ ਨਾ, ਫਿਰ ਵੀ ਜ਼ਿੰਦਗੀ ਨੇ ਚੱਲਦੇ ਰਹਿਣਾ ਹੈ। ਉਸ ਨੇ ਕਿਹਾ ਕਿ ਅਸੀਂ ਇਲਾਜ ਦਾ ਕੋਈ ਟੀਕਾ ਲੱਭਣ ਦੀ ਆਸ ਵਿੱਚ ਬੈਠੇ ਨਹੀਂ ਰਹਿ ਸਕਦੇ, ਲੋਕਾਂ ਨੂੰ ਕੁਝ ਢਿੱਲਾਂ ਦੇਣੀਆਂ ਪੈਣੀਆਂ ਹਨ। ਇਹ ਬਿਆਨ ਉਸ ਬੋਰਿਸ ਜਾਨਸਨ ਨੇ ਦਿੱਤਾ ਹੈ, ਜਿਹੜਾ ਖੁਦ ਕੋਵਿਡ-19 ਦਾ ਮਰੀਜ਼ ਬਣਿਆ ਅਤੇ ਆਖਰੀ ਹੱਦ ਤੱਕ ਜਾ ਕੇ ਜਾਨ ਬਚੀ ਹੈ। ਉਸ ਨੇ ਖੁਦ ਦੱਸਿਆ ਕਿ ਇੱਕ ਵੇਲੇ ਤਾਂ ਉਸ ਦੀ ਮੌਤ ਦਾ ਐਲਾਨ ਕਰਨ ਦੀ ਤਿਆਰੀ ਵੀ ਹੋ ਗਈ ਸੀ। ਇਹੋ ਜਿਹਾ ਕੌੜਾ ਸੱਚ ਭੁਗਤ ਚੁੱਕਾ ਆਗੂ ਜਦੋਂ ਇਹ ਗੱਲ ਕਹਿੰਦਾ ਹੈ ਤਾਂ ਹਵਾਈ ਸ਼ੋਸ਼ਾ ਨਹੀਂ ਛੱਡ ਰਿਹਾ, ਉਹ ਜੀਵਨ ਦੀ ਹਕੀਕਤ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਬੋਲ ਰਿਹਾ ਹੈ। ਸੱਚਾਈ ਵੀ ਇਹੋ ਹੈ ਕਿ ਇਲਾਜ ਪਤਾ ਨਹੀਂ ਲੱਭੇਗਾ ਕਿ ਨਾ, ਪਰ ਜ਼ਿੰਦਗੀ ਧੜਕਦੇ ਰਹਿਣਾ ਮੰਗਦੀ ਹੈ। ਇਸ ਨੂੰ ਧੜਕਦੇ ਰੱਖਣ ਦੀ ਹਿੰਮਤ ਕਰਨੀ ਪੈਣੀ ਹੈ। ਸਾਰੀ ਦੁਨੀਆ ਇਸ ਵਾਇਰਸ ਦੇ ਨਾਲ-ਨਾਲ ਜਿਊਣ ਦੇ ਲਈ ਮਾਨਸਿਕ ਪੱਖੋਂ ਤਿਆਰ ਹੁੰਦੀ ਪਈ ਹੈ ਤਾਂ ਅਸੀਂ ਸਮਝਦੇ ਹਾਂ ਕਿ ਮਨੁੱਖੀ ਮਾਨਸਿਕਤਾ ਦੀ ਇਸ ਤਿਆਰੀ ਦੇ ਅਸਰ ਹੇਠ ਮਨੁੱਖੀ ਸਰੀਰ ਵੀ ਅੰਦਰੋ-ਅੰਦਰ ਇਸ ਵਾਇਰਸ ਨੂੰ ਆਪਣੇ ਕਿਸੇ ਖੂੰਜੇ ਵਿੱਚ ਟੰਗ ਕੇ ਆਪਣੇ ਅੰਦਰੋਂ ਹੀ ਇਸ ਨਾਲ ਲੜਨ ਦੀ ਸਮਰੱਥਾ ਦਾ ਨਵਾਂ ਰੂਪ ਵਿਕਸਤ ਕਰਨ ਲੱਗ ਜਾਣਗੇ। ਬਹੁਤ ਸਾਰੇ ਖਤਰਿਆਂ ਦੇ ਨਾਲ ਜੂਝਦੀ ਹੋਈ ਮਨੁੱਖਤਾ ਜੇ ਅੱਜ ਵਾਲੇ ਪੜਾਅ ਤੱਕ ਆਣ ਪਹੁੰਚੀ ਹੈ ਤਾਂ ਏਥੋਂ ਅੱਗੇ ਵੀ ਹਾਰ ਨਹੀਂ ਮੰਨਣ ਲੱਗੀ। ਜ਼ਿੰਦਗੀ ਹਾਰ ਨਹੀਂ ਮੰਨੇਗੀ।

## ਘਰ ਜਾਣ ਦੀ ਤੜਪ

-ਅਭੈ ਸਿੰਘ

ਲਾਕਡਾਊਨ ਤੋਂ ਦੋ ਚਾਰ ਦਿਨ ਬਾਅਦ ਪਰਵਾਸੀ ਮਜ਼ਦੂਰਾਂ ਦੀ ਆਪਣੇ ਘਰੀਂ ਜਾਣ ਦੀ ਤੜਪ ਦੇਖੀ। ਸਰੀਰਕ ਦੂਰੀ ਦੀ ਚਿਤਾਵਨੀ ਦੀ ਕੋਈ ਪ੍ਰਵਾਹ ਨਾ ਕਰਦੇ ਹੋਏ ਦਿੱਲੀ, ਯੂ ਪੀ ਬਾਰਡਰ ਉਤੇ ਹਜ਼ਾਰਾਂ ਦੀ ਭੀੜ ਇਕੱਠੀ ਹੋ ਗਈ। ਸਿਰਾਂ ਉੱਤੇ ਗਠੜੀਆਂ, ਮੋਢਿਆਂ ਉਤੇ ਥੈਲੇ, ਕੁੱਛੜ ਬੱਚੇ ਅਤੇ ਸੈਂਕੜੇ ਮੀਲਾਂ ਦੇ ਪੈਦਲ ਸਫਰ ਦੀ ਤਿਆਰੀ। ਸਫਰ ਕਿੰਨੇ ਸੌ ਮੀਲ ਹੈ, ਨਾ ਜਾਣਕਾਰੀ ਤੇ ਨਾ ਜਾਣਨ ਦੀ ਤਮੰਨਾ, ਬੱਸ ਜਾਣਾ ਹੈ। ਯੂ ਪੀ ਸਰਕਾਰ ਨੇ ਬੱਸਾਂ ਦਾ ਪ੍ਰਬੰਧ ਕੀਤਾ ਤਾਂ ਕੁਝ ਸਵਾਰੀਆਂ ਅੰਦਰ, ਕੁਝ ਛੱਤਾਂ ਉੱਤੇ। ਚਾਰੇ ਪਾਸੇ ਘਬਰਾਹਟ, ਕੋਰੋਨਾ ਦੀ ਨਹੀਂ, ਘਰ ਜਾਣ ਦੀ।

ਪੈਦਲ ਜਾਣ ਦੀ ਤਿਆਰੀ ਧਮਕੀ ਨਹੀਂ, ਹਕੀਕਤ ਸੀ। ਬਹੁਤ ਲੋਕ ਚੱਲ ਪਏ, ਕਈਆਂ ਨੂੰ ਸੌ ਜਾਂ ਦੋ ਸੌ ਮੀਲ ਤੈਅ ਕਰਨ ਪਿੱਛੋਂ ਪੁਲਸ ਨੇ ਮੋੜਿਆ। ਲੋਕ ਰੇਲਵੇ ਪਟੜੀਆਂ ਦੇ ਰਸਤੇ ਚੱਲ ਪਏ। ਰਸਤੇ ਵਿੱਚ ਲੁੱਟੇ ਗਏ ਤੇ ਦਰਦਨਾਕ ਹਾਦਸਿਆਂ ਦੇ ਸ਼ਿਕਾਰ ਹੋ ਗਏ। ਜਿਊਂਦਿਆਂ ਨੂੰ ਸਪੈਸ਼ਲ ਗੱਡੀ ਨਹੀਂ ਸੀ ਜੁੜੀ, ਉਨ੍ਹਾਂ ਦੀਆਂ ਲਾਸ਼ਾਂ ਵਾਸਤੇ ਤਿਆਰ ਕਰ ਦਿੱਤੀ ਹੈ, ਸ਼ੁਕਰੀਆ ਸਰਕਾਰ ਜੀ।

ਸ਼ੁਰੂ ਸ਼ੁਰੂ ਵਿੱਚ ਰਾਸ਼ਨ ਦਿੱਤਾ, ਖਰਾਇਤੀ ਸੰਸਥਾਵਾਂ ਤੇ ਸਰਕਾਰੀ ਅਦਾਰਿਆਂ ਵੀ ਲੰਗਰ ਲਾਏ, ਪਹਿਲਾਂ ਦੋ ਵੇਲੇ, ਫਿਰ ਇੱਕ ਵੇਲੇ। ਪਹਿਲਾਂ ਰੋਟੀ, ਸਬਜ਼ੀ, ਦਾਲ, ਫਿਰ ਦਾਲ-ਚੌਲ ਅਤੇ ਆਖਰ ਵਿੱਚ ਕੜ੍ਹੀ-ਚੌਲ। ਫਿਰ ਵੀ ਸ਼ੁਕਰੀਆ। ਮਕਾਨ ਮਾਲਕਾਂ ਨੂੰ ਕਿਰਾਇਆ ਨਾ ਲੈਣ ਦਾ ਹੁਕਮ ਕਰ ਦਿੱਤਾ। ਬਹੁਤ ਜਗ੍ਹਾ ਨੌਕਰੀਆਂ, ਰੁਜ਼ਗਾਰ ਤੇ ਕਾਰੋਬਾਰ ਜਲਦੀ ਸ਼ੁਰੂ ਹੋਣ ਦੀਆਂ ਉਮੀਦਾਂ ਦਿਵਾਈਆਂ, ਫਿਰ ਵੀ ਵਾਪਸ ਜਾਣ ਦੀ ਇੰਨੀ ਤਾਂਘ ਕਿਉਂ। ਲੋਕ ਮਰ ਮਿਟਣ ਵਾਸਤੇ ਤਿਆਰ ਹਨ, ਇੰਨੀ ਬੇਸਬਰੀ! ਕਾਰਨ ਕਈ ਹੋਣਗੇ, ਪਹਿਲਾਂ ਇਨ੍ਹਾਂ ਨੂੰ ਸਮਝਣ ਵਾਸਤੇ ਖੁਦ ਕਰਫਿਊ ਵਿੱਚ ਫਸੇ ਹੋਣ ਅਤੇ ਘਰ ਜਾਣ ਦੀ ਲਲਕ ਦੀ ਕਹਾਣੀ ਸੁਣਾ ਦੇਵਾਂ।

1984 ਦੇ ਜੂਨ ਮਹੀਨੇ ਮੈਂ ਇੱਕ ਰਾਤ ਵਾਸਤੇ ਬਿਮਾਰ ਪਿਤਾ ਜੀ ਦਾ ਪਤਾ ਲੈਣ ਅੰਮ੍ਰਿਤਸਰ ਜ਼ਿਲੇ ਵਿੱਚ ਆਪਣੇ ਪਿੰਡ ਗਿਆ ਸੀ। ਸਵੇਰੇ ਪੰਜ ਵਜੇ ਵਾਪਸੀ ਦਾ ਪ੍ਰੋਗਰਾਮ ਸੀ, ਪਰ 24 ਘੰਟੇ ਦਾ ਕਰਫਿਊ ਲੱਗ ਗਿਆ, ਅਗਲੇ ਦਿਨ ਹੋਰ 24 ਘੰਟੇ, ਫਿਰ ਰੋਜ਼ ਚੱਲ ਸੋ ਚੱਲ। ਮੇਰੀ ਪਤਨੀ ਅਤੇ ਪੁੱਤਰ ਚੰਡੀਗੜ੍ਹ ਦੇ ਨਜ਼ਦੀਕ ਸੂਰਜਪੁਰ ਦੀ ਸੀਮਿੰਟ ਫੈਕਟਰੀ ਵਿੱਚ ਸਨ। ਚੌਥੇ ਦਿਨ ਮੇਰਾ ਸਬਰ ਟੁੱਟ ਗਿਆ, ਤੇ ਮੈਂ ਛੋਟੇ ਭਰਾ ਦਾ ਸਾਈਕਲ ਚੁੱਕਿਆ ਅਤੇ ਚੱਲ ਪਿਆ।

ਸਾਰਾ ਪੰਜਾਬ ਫੌਜ ਦੇ ਹਵਾਲੇ ਸੀ। ਮੁੱਖ ਸੜਕਾਂ ਉਤੇ ਸਾਈਕਲ ਨਹੀਂ ਚੜ੍ਹਾਇਆ ਜਾ ਸਕਦਾ ਸੀ। ਨਹਿਰੇ ਨਹਿਰ ਚੱਲਦਿਆਂ ਪਤਾ ਲੱਗਾ ਕਿ ਫੌਜ ਕਿਸੇ ਵੀ ਪਾਸਿਓਂ ਦਰਿਆ ਦਾ ਪੁਲ ਪਾਰ ਨਹੀਂ ਕਰਨ ਦੇਂਦੀ। ਰਾਵੀ ਦੀ ਇਸ ਨਹਿਰ ਦੀ ਪਟੜੀ ਪਟੜੀ ਹਿਮਾਚਲ ਵਾਲੇ ਪਾਸੇ ਰੁਖ਼ ਕਰ ਲਿਆ। ਲੋਕਾਂ ਦੇ ਘਰਾਂ, ਬਹਿਕਾਂ ਤੇ ਗੁਰਦੁਆਰਿਆਂ ਵਿੱਚ ਰੋਟੀ ਖਾਂਦਾ ਅਤੇ ਰਾਤਾਂ ਕੱਟਦਾ ਤੀਸਰੇ ਦਿਨ ਹਿਮਾਚਲ ਦੇ ਕਸਬੇ ਇੰਦੌਰਾ ਪਹੁੰਚ ਗਿਆ। ਇਥੋਂ ਬਸ ਰਾਹੀਂ ਨੂਰਪੁਰ, ਉਥੋਂ ਰਾਤ ਹੋਣ ਤੱਕ ਕਾਂਗੜਾ ਪਹੁੰਚ ਗਿਆ। ਇਥੋਂ ਦਿੱਲੀ ਵਾਸਤੇ ਬੱਸਾਂ ਪੰਜਾਬ ਤੋਂ ਬਾਹਰੋਂ ਬਾਹਰ ਊਨਾ, ਭਾਖੜਾ, ਨੈਣਾ ਦੇਵੀ, ਕੈਂਚੀ ਮੋੜ ਤੋਂ ਕੱਚੇ ਰਸਤੇ ਨਾਲਾਗੜ੍ਹ, ਫਿਰ ਪਿੰਜੌਰ ਅਤੇ ਪੰਚਕੂਲਾ ਦੇ ਰਸਤੇ ਜਾਂਦੀਆਂ ਸਨ। ਅਜਿਹੀ ਬਸ ਮੈਨੂੰ ਸਵੇਰ ਦੇ ਦਸ ਵਜੇ ਸੂਰਜਪੁਰ ਦੇ ਬਸ ਅੱਡੇ ਉਤਾਰ ਗਈ ਅਤੇ ਮੈਂ ਘਰ ਪਹੁੰਚ ਗਿਆ। ਮੇਰੀ ਆਮਦ ਬਾਰੇ ਮੇਰੀ ਪਤਨੀ ਅੱਜ ਵੀ ਦੱਸਦੀ ਹੈ ਕਿ ਕਾਲਾ ਰੰਗ ਹੋਇਆ ਪਿਆ ਸੀ ਤੇ ਚਿੱਕੜ ਵਰਗੇ ਕੱਪੜੇ। ਉਦੋਂ ਮੈਂ ਆਪਣੇ ਮਾਤਾ-ਪਿਤਾ ਅਤੇ ਭਰਾਵਾਂ ਨਾਲ ਆਪਣੇ ਜੱਦੀ ਪਿੰਡ ਬੈਠਾ ਸਾਂ, ਰੋਟੀ-ਪਾਣੀ ਅਤੇ ਰੁਜ਼ਗਾਰ ਦੀ ਸਮੱਸਿਆ ਨਹੀਂ ਸੀ, ਮਕਾਨ ਦੇ ਕਿਰਾਏ ਦਾ ਕੋਈ ਮਸਲਾ ਨਹੀਂ ਸੀ, ਪਰ ਇਨ੍ਹਾਂ ਮਜ਼ਦੂਰਾਂ ਦੀਆਂ ਸੌ ਸਮੱਸਿਆਵਾਂ ਹਨ। ਬੱਸਾਂ-ਗੱਡੀਆਂ ਅਚਾਨਕ ਬੰਦ ਹੋਣ ਨਾਲ ਹੌਲ ਪੈ ਗਿਆ ਕਿ ਘਿਰ ਗਏ ਹਾਂ। ਪਹਿਲੀ ਵਾਰ ਅਹਿਸਾਸ ਹੋਇਆ ਕਿ ਘਰ ਤੇ ਘਰ ਵਾਲਿਆਂ ਤੋਂ ਇੰਨੀ ਦੂਰ ਹਾਂ। ਜਦੋਂ ਚਾਰੇ ਪਾਸੇ ਮੌਤ ਦੀਆਂ ਗੱਲਾਂ ਚੱਲੀਆਂ ਤਾਂ ਖਿਆਲ ਆਏ ਕਿ ਜੇ ਮਰਨਾ ਹੈ ਤਾਂ ਆਪਣੇ ਘਰ ਮਰੀਏ, ਚਾਰ ਬੰਦੇ ਚੁੱਕ ਲੈਣ, ਗ਼ਮ ਕਰ ਲੈਣ, ਇਥੇ ਕੌਣ ਆਊ।

ਮੇਰੇ ਕੇਸ ਨਾਲ ਮਿਲਦੀ ਮਿਸਾਲ ਹਜ਼ੂਰ ਸਾਹਿਬ ਘਿਰੇ ਸ਼ਰਧਾਲੂਆਂ ਦੀ ਕਹੀ ਜਾ ਸਕਦੀ ਹੈ। ਉਨ੍ਹਾਂ ਨੂੰ ਪੂਰੀਆਂ ਸਹੂਲਤਾਂ ਸਨ, ਪਰ ਮਨ ਨਹੀਂ ਟਿਕਿਆ, ਟਿਕ ਵੀ ਨਹੀਂ ਸੀ ਸਕਦਾ। ਹੋਰ ਵੀ ਅਜਿਹੇ ਬਹੁਤ ਲੋਕ ਹਨ, ਜੋ ਇੱਕ ਜਾਂ ਦੋ ਦਿਨ ਵਾਸਤੇ ਘਰ ਦੇ ਨੇੜੇ ਜਾਂ ਕੁਝ ਦੂਰ ਕਿਸੇ ਕੰਮ ਗਏ, ਰਿਸ਼ਤੇਦਾਰੀ ਵਿੱਚ ਗਏ ਤੇ ਲਾਕਡਾਊਨ ਦੇ ਸ਼ਾਹੀ ਫਰਮਾਨ ਦੇ ਮਾਰੇ ਮਹੀਨੇ ਭਰ ਤੋਂ ਕੁਰਲਾ ਰਹੇ ਹਨ। ਘੱਟੋ ਘੱਟ ਮੈਂ ਉਨ੍ਹਾਂ ਦੀ ਤੜਫ ਸਮਝ ਸਕਦਾ ਹਾਂ, ਇਸ ਵਾਸਤੇ 'ਸਭ ਕੁਝ ਬੰਦੇ' ਦੇ ਹੁਕਮ ਨੂੰ 'ਵੇਲੇ ਸਿਰ ਚੁੱਕਿਆ ਜ਼ਰੂਰੀ ਕਦਮ' ਨਹੀਂ, 'ਬਹੁਤ ਦੇਰੀ ਨਾਲ ਚੁੱਕਿਆ ਬੇਸਮਝੀ ਦਾ ਕਦਮ' ਮੰਨਦਾ ਹਾਂ।

'ਘਰ ਅੰਦਰ ਰਹੋ' ਦੇ ਨਾਅਰੇ ਲੱਗਦੇ ਹਨ ਤਾਂ ਪਰਦੇਸੀ ਕਹਿੰਦੇ ਹਨ, 'ਪਹਿਲਾਂ ਘਰ ਤਾਂ ਪਹੁੰਚ ਜਾਈਏ।' ਕੰਮ ਸ਼ੁਰੂ ਹੋਇਆ ਹੈ, ਸ਼ੁਕਰ ਹੈ। ਸਭ ਘਰੀਂ ਪਹੁੰਚਣ, ਭਾਵੇਂ ਜਾਂਦਿਆਂ ਰੰਗ ਕਾਲਾ ਹੋ ਜਾਵੇ ਤੇ ਕੱਪੜੇ ਚਿੱਕੜ ਵਰਗੇ ਹੋ ਜਾਣ।

## ਭਾਰਤ ਦੀ ਅਜਿਹੀ ਕਿਹੜੀ ਸੰਸਥਾ ਹੈ ਜਿਸ ਵਿੱਚ ਸੁਧਾਰ ਦੀ ਲੋੜ ਨਹੀਂ

-ਕਰਣ ਥਾਪਰ-

ਭਾਰਤ ਵਿੱਚ ਸਰਕਾਰੀ ਦਫਤਰਾਂ ਦੀਆਂ ਕੰਧਾਂ ਉੱਤੇ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਦੀਆਂ ਤਸਵੀਰਾਂ ਲੱਗੀਆਂ ਹੁੰਦੀਆਂ ਹਨ। ਬ੍ਰਿਟੇਨ ਵਿੱਚ ਮਹਾਰਾਣੀ ਦੀ ਤਸਵੀਰ ਲੱਗੀ ਹੁੰਦੀ ਹੈ। ਮੈਂ ਇਥੇ ਇੱਕ ਮਹੱਤਵ ਪੂਰਨ ਵਾਧੂ ਸੁਝਾਅ ਦੇਣਾ ਚਾਹੁੰਦਾ ਹਾਂ। ਮੈਂ ਚਾਹੁੰਦਾ ਹਾਂ ਕਿ ਜੂਲੀਅਸ ਸੀਜ਼ਰ ਦੀ ਪਤਨੀ ਦੀ ਤਸਵੀਰ ਲਾਈ ਜਾਵੇ। ਇਸ 'ਚ ਕੋਈ ਫਰਕ ਨਹੀਂ ਪੈਂਦਾ ਕਿ ਉਸ ਦੀਆਂ ਤਿੰਨ ਪਤਨੀਆਂ ਵਿੱਚੋਂ ਕਿਸ ਦੀ ਤਸਵੀਰ ਲਾਉਣੀ ਹੈ। ਤਿੰਨਾਂ 'ਚੋਂ ਕਿਸੇ ਦੀ ਵੀ ਤਸਵੀਰ ਚੱਲੇਗੀ। ਉਸ ਨੂੰ ਸਾਰੇ ਸ਼ੱਕ ਤੋਂ ਉਪਰ ਹੋਣ ਦੀ ਲੋੜ ਹੈ। ਉਸ ਦੀ ਹਾਜ਼ਰੀ ਸਾਡੇ ਅਧਿਕਾਰੀਆਂ 'ਤੇ ਨਿਗਰਾਨੀ ਰੱਖੇਗੀ। ਇਹ ਇੱਕ ਸਵਾਗਤਯੋਗ ਗੱਲ ਹੋਵੇਗੀ। ਕੋਰੋਨਾ ਵਾਇਰਸ ਸਮੇਂ ਵਿੱਚ ਸਿਧਾਂਤਾਂ ਦੀ ਮੌਜੂਦਗੀ ਲਈ ਇਹ ਉਸੇ ਦੇ ਮੱਦੇਨਜ਼ਰ ਹੈ।

ਸੰਖੇਪ ਵਿੱਚ ਇਹ ਕਹਿਣਾ ਹੋਵੇਗਾ ਕਿ ਮੈਂ ਦਿੱਲੀ ਵਿੱਚ ਜਿਮਖਾਨਾ ਕਲੱਬ ਦੇ ਵਿਰੁੱਧ ਕਾਰਪੋਰੇਟ ਮਾਮਲਿਆਂ ਦੇ ਮੰਤਰਾਲਾ ਵੱਲੋਂ ਕੀਤੀ ਕਾਰਵਾਈ ਤੋਂ ਪਰੇਸ਼ਾਨ ਹਾਂ। ਤਿੰਨ ਸਾਲ ਪਹਿਲਾਂ ਮੰਤਰਾਲਾ ਨੇ ਕਲੱਬ ਦੇ ਵਿਰੁੱਧ ਇੱਕ ਸ਼ਿਕਾਇਤ ਹੋਈ ਸੀ, ਜਿਸ ਵਿੱਚ ਉਸ 'ਤੇ ਕੁਰੱਪਸ਼ਨ ਅਤੇ ਘਟੀਆ ਪ੍ਰਬੰਧਾਂ ਦਾ ਦੋਸ਼ ਲਾਇਆ ਗਿਆ ਸੀ। ਇਹ ਸ਼ਿਕਾਇਤ ਖਾਸ ਕਰ ਕੇ ਨਵੇਂ ਮੈਂਬਰਾਂ ਦੇ ਦਾਖਲੇ ਬਾਰੇ ਸੀ ਅਤੇ ਸਾਬਕਾ ਪ੍ਰਧਾਨ ਮੰਤਰੀ ਸਮੇਤ ਸੱਤ ਕਲੱਬ ਮੈਂਬਰਾਂ ਨੇ ਦਾਇਰ ਕੀਤੀ ਸੀ। ਲਗਭਗ 100 ਦਿਨਾਂ ਤੱਕ ਮੰਤਰਾਲਾ ਟੱਸ ਤੋਂ ਮਸ ਨਾ ਹੋਇਆ ਤੇ ਉਸ ਨੇ ਕੁਝ ਨਹੀਂ ਕੀਤਾ। ਫਿਰ ਇਸ ਨੇ ਲਾਕਡਾਊਨ ਐਲਾਨੇ ਜਾਣ ਦੇ ਤੁਰੰਤ ਬਾਅਦ ਨੈਸ਼ਨਲ ਕੰਪਨੀ ਲਾਅ ਟ੍ਰਿਬਿਊਨਲ ਕੋਲ ਇੱਕ ਰਿੱਟ ਦਾਇਰ ਕੀਤੀ ਤੇ ਕਲੱਬ ਦੇ ਪ੍ਰਬੰਧਾਂ ਨੂੰ ਸੰਭਾਲਣ ਅਤੇ ਸਰਕਾਰ ਵੱਲੋਂ ਨਿਯੁਕਤੀ ਤੇ ਪ੍ਰਸ਼ਾਸਕਾਂ ਦੇ ਨਾਲ ਇਸ ਦੀ ਆਮ ਕਮੇਟੀ ਨੂੰ ਬਦਲਣ ਦੀ ਮੰਗ ਕੀਤੀ। ਇਹ ਰਾਸ਼ਟਰੀ ਪਹਿਲਕਦਮੀ ਜਾਂ ਵਿਸ਼ੇਸ਼ ਤੌਰ 'ਤੇ ਸੁਚੇਤ ਕਰਨ ਦੀ ਗੱਲ ਨਹੀਂ, ਫਿਰ ਵੀ ਮੰਤਰਾਲਾ ਨੇ ਜਾਣਬੁੱਝ ਕੇ ਲਾਕਡਾਊਨ ਦੌਰਾਨ ਕਾਰਵਾਈ ਕਰਨ ਦਾ ਬਦਲ ਚੁਣਿ-ਆ, ਜਦੋਂ ਕਲੱਬ ਬੰਦ ਹੋ ਚੁੱਕੀ ਅਤੇ ਮੌਜੂਦਾ ਮੈਨੇਜਮੈਂਟ ਆਪਣੇ ਰਿਕਾਰਡ ਤੱਕ ਨਹੀਂ ਪਹੁੰਚ ਸਕਦੀ ਸੀ। ਕੀ ਕਲੱਬ ਨੂੰ ਇੱਕ ਨੁਕਸਾਨ ਪਹੁੰਚਾਉਣ ਅਤੇ ਇਸ ਨੂੰ ਪ੍ਰਭਾਵੀ ਤੌਰ 'ਤੇ ਲੈਣ ਦਾ ਟੀਚਾ ਸੀ? ਵਧੇਰੇ ਕਲੱਬ ਮੈਂਬਰਾਂ ਨੂੰ ਸ਼ਲਾਘਾ ਕਰਨੀ ਮੁਸ਼ਕਲ ਹੋ ਜਾਂਦੀ ਹੈ ਅਤੇ ਇਹੀ ਕਾਰਨ ਹੈ ਕਿ ਸੀਜ਼ਰ ਦੀ ਪਤਨੀ ਦੇ ਮਨ ਵਿੱਚ ਇਹ ਗੱਲ ਆਉਂਦੀ ਹੈ।

ਸਰਕਾਰ ਦੇ ਫੈਸਲੇ ਨੀਤੀ ਅਧਿਕਾਰਾਂ ਤੇ ਗਲਤੀਆਂ ਤੋਂ ਪਰੇ ਹਨ, ਇਨ੍ਹਾਂ 'ਚ ਕੁਝ ਸ਼ੱਕ ਹੈ। ਕਈਆਂ ਦੇ ਲਈ ਇਹ ਇੱਕ ਦ੍ਰਿੜ੍ਹ ਵਿਸ਼ਵਾਸ ਹੈ। ਸਰਕਾਰ ਨੇ ਜਾਣ ਬੁੱਝ ਕੇ 107 ਸਾਲਾ ਸੰਸਥਾ ਦੇ ਚਰਿੱਤਰ ਨੂੰ ਬਦਲਣ ਲਈ ਉਸ ਵਕਤ ਨੂੰ ਚੁਣਿਆ ਹੈ, ਜੋ ਕਦਰਾਂ ਕੀਮਤਾਂ ਤੇ ਰਵਾਇਤਾਂ ਦੀ ਪ੍ਰਤੀਕ ਬਣ ਗਈ ਹੈ। ਇਹ ਮਨਜ਼ੂਰ ਨਹੀਂ ਹੈ। ਸਰਕਾਰ ਦੀ ਆਲੋਚਨਾ ਵਿੱਚ ਸੁਤੰਤਰ ਤੌਰ 'ਤੇ ਖੁਦ ਨੂੰ ਪ੍ਰਗਟ ਕਰਨ ਦਾ ਅਧਿਕਾਰ ਇਸ ਕੋਲ ਹੈ। ਸਾਰੇ ਰਾਜ ਨੇਤਾਵਾਂ ਤੋਂ ਇੱਕ ਹੱਥ ਦੀ ਲੰਬਾਈ ਬਣਾਈ ਰੱਖਣ ਨੂੰ ਇਸ ਨੂੰ ਪ੍ਰਵਾਨ ਪ੍ਰਵਾਨ ਕਰਨਾ ਹੋਵੇਗਾ ਕਿ ਤੁਹਾਡੇ ਕੋਲ ਕਿਸ ਨੂੰ ਚੁਣਨ ਦਾ ਅਧਿਕਾਰ ਹੈ।

ਮੈਂ ਜੋ ਲਿਖਿਆ ਹੈ ਉਸ ਵਿੱਚ ਅਜਿਹੀ ਕੋਈ ਗੱਲ ਸੁਝਾਉਂਦੀ ਨਹੀਂ, ਕਲੱਬ ਨੇ ਕੁਝ ਗਲਤ ਕੀਤਾ ਹੈ। ਦਰਅਸਲ ਭਾਰਤ ਵਿੱਚ ਅਜਿਹੀ ਕੋਈ ਵੀ ਸੰਸਥਾ ਨਹੀਂ, ਜਿਸ ਬਾਰੇ ਇਹ ਕਿਹਾ ਜਾ ਸਕਦਾ ਹੈ। ਕਲੱਬ ਇੱਕ ਸਦੀ ਪੁਰਾਣੀ ਸੰਸਥਾ ਹੈ, ਦੋਸ਼ ਰਹਿਤ ਕਿਵੇਂ ਹੋ ਸਕਦੀ ਹੈ, ਪਰ ਇੱਕ ਨਿਆਇਕ ਸਰਕਾਰ ਨਾ ਸਿਰਫ ਉਪਾਅ ਅਤੇ ਸੁਧਾਰ ਕਰਨ ਦੀ ਕੋਸ਼ਿਸ਼ ਕਰੇਗੀ, ਸਗੋਂ ਓਨੀ ਹੀ ਮਹੱਤਵ ਪੂਰਨ, ਨਿਰਪੱਖ ਅਤੇ ਪਾਰਦਰਸ਼ੀ ਵੀ ਦਿਖਾਈ ਦੇਵੇਗੀ। ਇਹ ਉਹ ਸਥਾਨ ਹੈ, ਜਿੱਥੇ ਕਾਰਪੋਰੇਟ ਮਾਮਲਿਆਂ ਦਾ ਮੰਤਰਾਲਾ ਬੁਰੀ ਤਰ੍ਹਾਂ ਗਲਤ ਹੋ ਗਿਆ ਹੈ। ਜੇ ਮਕਸਦ ਕਲੱਬ ਨੂੰ ਸਾਫ ਕਰਨ ਦਾ ਸੀ ਤਾਂ ਕੀ ਇਹ ਚੰਗਾ ਨਹੀਂ ਕਿ ਇਸ ਨੂੰ ਖੁਦ ਸਫਾਈ ਕਰਨ ਦਾ ਮੌਕਾ ਦਿੱਤਾ ਜਾਵੇ? ਆਪਣੀ ਮੈਨੇਜਮੈਂਟ ਨੂੰ ਸੰਭਾਲਣ ਤੇ ਆਪਣੀ ਪਸੰਦ ਦੇ ਨਵੇਂ ਪ੍ਰਸ਼ਾਸਕਾਂ ਦੀ ਨਿਯੁਕਤੀ ਕਰਨ ਦੀ ਥਾਂ ਮੰਤਰਾਲਾ ਨੂੰ ਨਵੀਆਂ ਚੋਣਾਂ ਕਰਵਾ ਕੇ ਆਪਣੀ ਮੈਨੇਜਮੈਂਟ ਨੂੰ ਬਦਲਣ ਲਈ ਕਲੱਬ ਨੂੰ ਬੇਨਤੀ ਨਹੀਂ ਕਰਨੀ ਚਾਹੀਦੀ ਸੀ, ਜਿੱਥੇ ਆਮ ਕਮੇਟੀ ਮੈਂਬਰ ਆਪਣੀ ਇੱਛਾ ਨਾਲ ਹੋਰਾਂ ਨਾਲ ਚੋਣਾਂ ਲੜਨ ਲਈ ਆਜ਼ਾਦ ਹਨ, ਜੋ ਉਨ੍ਹਾਂ ਨੂੰ ਬਦਲਣਾ ਚਾਹੁੰਦੇ ਹਨ।

ਜਿਮਖਾਨਾ ਕਲੱਬ ਇੱਕ ਅਜਿਹੀ ਸੰਸਥਾ ਹੈ, ਜੋ ਸੁਰੱਖਿਅਤ ਤੇ ਰਾਖਵੀਂ ਹੋਣ ਦੀ ਹੱਕਦਾਰ ਹੈ। ਇਸ ਦਾ ਵਰਣ ਤੇ ਸਭਿਆਚਾਰ ਦਾ ਨਿਰਮਾਣ ਇੱਕ ਦਿਨ 'ਚ ਨਹੀਂ ਕੀਤਾ ਗਿਆ ਸੀ। ਇਨ੍ਹਾਂ ਨੂੰ ਢਾਲਣ 'ਚ ਦਹਾਕੇ ਲੱਗ ਗਏ। ਇਹ ਸੰਸਥਾ ਵਿਆਪਕ ਤੌਰ 'ਤੇ ਪਛਾਣੀ ਜਾਂਦੀ ਹੈ। ਅੱਜ ਇਹੀ ਕਾਰਨ ਹੈ ਕਿ ਬਹੁਤ ਸਾਰੇ ਲੋਕ ਇਸ ਵਿੱਚ ਸ਼ਾਮਲ ਹੋਣਾ ਚਾਹੁੰਦੇ ਹਨ ਅਤੇ ਅਜਿਹਾ ਕਰਨ ਲਈ ਰਾਜਾ ਨੂੰ ਫਿਰੌਤੀ ਦੇਣ ਲਈ ਤਿਆਰ ਹਨ।

ਕਲੱਬ ਇੱਕ ਵਿਸ਼ਾਲ ਰੇਗਿਸਤਾਨ 'ਚ ਇੱਕ ਨਖਲਿਸਤਾਨ ਹੈ। ਉਹ ਹਥਿਆਰਬੰਦ ਬਲਾਂ ਅਤੇ ਸਿਵਲ ਸੇਵਾਵਾਂ 'ਚੋਂ ਆਉਂਦੇ ਹਨ, ਪਰ ਪੱਤਰਕਾਰਤਾ, ਕਾਨੂੰਨ, ਸੀ ਏ ਅਤੇ ਕਾਰੋਬਾਰ 'ਚੋਂ ਲੋਕ ਵੀ ਆਉਂਦੇ ਹਨ। ਉਹ ਤਨਖਾਹਦਾਰ ਪੇਸ਼ੇਵਰ ਹਨ, ਪਰ ਵਧੇਰੇ ਇਸ ਦੇ ਸਰਗਰਮ ਮੈਂਬਰ ਅਕਸਰ ਪੈਨਸ਼ਨਰ ਹੁੰਦੇ ਹਨ। ਇਨ੍ਹਾਂ ਦੇ ਲਈ ਕਲੱਬ ਇੱਕ ਦੇਵਾਲਯ ਹੈ। ਵਿਸ਼ਾਲ ਰੇਗਿਸਤਾਨ 'ਚ ਨਖਲਿਸਤਾਨ ਹੈ। ਸਿਰਫ ਇੱਕ ਅਸਥਿਰ ਅਤੇ ਹਿਰਦੇਹੀਣ ਸਰਕਾਰ ਉਨ੍ਹਾਂ ਤੋਂ ਦੂਰ ਕਰ ਸਕਦੀ ਸੀ। ਬੇਸ਼ੱਕ ਕਲੱਬ ਨੂੰ ਸੁਧਾਰਨ ਦੀ ਲੋੜ ਹੈ। ਭਾਰਤ 'ਚ ਅਜਿਹੀ ਕਿਹੜੀ ਸੰਸਥਾ ਹੈ ਜਿਸ ਵਿੱਚ ਸੁਧਾਰ ਦੀ ਲੋੜ ਨਹੀਂ, ਪਰ ਸਰਕਾਰ ਦੇ ਹੱਥਾਂ ਵਿੱਚ ਇਸ ਦੇ ਬਰਬਾਦ ਹੋਣ ਦੀ ਵੱਧ ਸੰਭਾਵਨਾ ਹੈ।


ਕਾਮਿਆਂ ਦੀ ਲੋੜ

ਫਾਰਮ ਵਿੱਚ ਕੰਮ ਕਰਨ ਲਈ ਕਾਮਿਆ ਦੀ ਤੁਰੰਤ ਜਰੂਰਤ ਹੈ। Pickup ਅਤੇ Drop off ਦੀ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
ਸੂਬੇਦਾਰ ਜਾਂ ਅਵਤਾਰ ਸਿੰਘ
647-400-0060
ਬਲਬੀਰ: 289-541-5384
ਵੈਨ ਡਰਾਈਵਰ ਦੀ ਲੋੜ ਹੈ। ਤੁਸੀ ਆਪਣੀ ਕਾਰ ਲੈ ਕੇ ਵੀ ਬਰਲਿੰਗਟਨ, ਉਕਵਿੱਲ ਅਤੇ ਮੀਲਟਨ ਜਾ ਸਕਦੇ।

ਕਾਮਿਆਂ ਦੀ ਲੋੜ

ਨਰਸਰੀ ਵਿੱਚ ਕੰਮ ਕਰਨ ਲਈ ਬੰਦਿਆਂ ਦੀ ਲੋੜ ਹੈ। ਰੋਜਾਨਾ ਕੰਮ ਅਤੇ ਚੰਗੀ ਪੇਅ ਦਿੱਤੀ ਜਾਵੇਗੀ। ਰਾਈਡ ਦੀ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
647-764-3637

ਹੈਲਪਰ ਦੀ ਲੋੜ ਹੈ





Construction Company
FULL TIME WORK
416-618-3358 | 905-789-7783

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005






AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-





Karnail Singh
416.670.3173 | 905.799.7333
27 Edvac Dr, Brampton, ON L6S 5X8


Aikam MEDIA GROUP
Radio Punjab
Monday to Friday
2:00PM to 3:00PM on 89.5 FM
Aikam TV
Every Saturday on Vision TV
Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ





ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

Visions of Punjab





Natasha Mahal
Co-Host
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com





Iqbal Mahal
Producer & Host
Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO






CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

# ਦੇਸ਼ ਵਿੱਚ ਰਾਸ਼ਟਰੀ ਸਰਕਾਰ ਦਾ ਗਠਨ ਹੋਵੇ

-ਗੁਰਮੀਤ ਸਿੰਘ ਪਲਾਹੀ-



ਅੱਜ ਦੇਸ਼ ਦੇ ਸਾਹਮਣੇ ਕੋਰੋਨਾ ਆਫ਼ਤ ਦੀ ਜੋ ਸਮੱਸਿਆ ਹੈ, ਉਹ ਬਹੁਤ ਵੱਡੀ ਹੋ ਗਈ ਹੈ, ਜਿਸ ਨੂੰ ਕੋਈ ਇਕੱਲਾ ਇਕਹਰਾ ਨੇਤਾ ਸੰਭਾਲ ਨਹੀਂ ਸਕਦਾ। ਸੁਪਰੀਮ ਕੋਰਟ ਦੇ ਸਾਬਕਾ ਜੱਜ ਜਸਟਿਸ (ਸੇਵਾ ਮੁਕਤ) ਮਾਰਕੰਡੇ ਕਾਟਜੂ ਨੇ ਸੁਝਾਇਆ ਹੈ ਕਿ ਹੁਣ ਦੇਸ਼ ਵਿੱਚ ਕਿਸੇ ਇੱਕ ਪਾਰਟੀ ਦੀ ਨਹੀਂ, ਸਗੋਂ ਸਾਰੀਆਂ ਪਾਰਟੀਆਂ ਦੀ ਸਰਕਾਰ ਕਾਇਮ ਹੋਣੀ ਚਾਹੀਦੀ ਹੈ, ਕਿਉਂਕਿ ਸਮੱਸਿਆ ਇਤਨੀ ਵੱਡੀ ਹੋ ਗਈ ਹੈ ਕਿ ਇਕੱਲੀ ਭਾਜਪਾ ਜਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਨੂੰ ਸੰਭਾਲ ਨਹੀਂ ਸਕਦੇ।

ਦੇਸ਼ ਦੀ ਵਿਰੋਧੀ ਧਿਰ ਦੇ ਨੇਤਾ ਲਗਾਤਾਰ ਨਰਿੰਦਰ ਮੋਦੀ ਸਰਕਾਰ ਉਤੇ ਸਵਾਲ ਉਠਾ ਰਹੇ ਹਨ ਕਿ ਉਹਨ ਨੇ ਲੌਕਡਾਊਨ ਲਾਗੂ ਕਰਨ ਤੋਂ ਪਹਿਲਾਂ ਕਿਸੇ ਨਾਲ ਵਿਚਾਰ-ਵਟਾਂਦਰਾਂ ਨਹੀਂ ਕੀਤਾ ਅਤੇ ਬਿਨ੍ਹਾਂ ਤਿਆਰੀ ਦੇਸ਼ ਨੂੰ ਲੌਕਡਾਊਨ ਕਰ ਦਿੱਤਾ ਗਿਆ । ਅਤੇ ਪੁੱਛ ਰਹੇ ਹਨ ਕਿ ਲੌਕਡਾਊਨ ਖੋਲ੍ਹਣ ਦੀ ਸਰਕਾਰ ਕੋਲ ਕਿਹੜੀ ਯੋਜਨਾ ਹੈ? ਹੁਣ ਜਦੋਂ ਕਿ ਬਹੁਤੇ ਕਾਰੋਬਾਰ ਬੰਦ ਹਨ, ਉਦਯੋਗ ਕੰਮ ਨਹੀਂ ਕਰ ਰਹੇ, ਮਜ਼ਦੂਰ ਸੜਕਾਂ ਉਤੇ ਹਨ। ਉਹਨਾ 'ਚ ਮੌਤ ਦਾ ਸਹਿਮ ਹੈ। ਉਹ ਉਪਰਾਮ ਹੋ ਕੇ ਕਰਮ ਭੂਮੀ ਛੱਡਕੇ ਆਪਣੀ ਜਨਮ ਭੂਮੀ ਨੂੰ ਸੁਰੱਖਿਅਤ ਸਮਝਕੇ, ਉਧਰ ਵਹੀਰਾਂ ਘੱਤੀ ਤੁਰੇ ਜਾ ਰਹੇ ਹਨ। ਕਿਧਰੇ ਸਰਕਾਰਾਂ ਉਹਨਾ ਦੀ ਇਸ ਯਾਤਰਾ ਦਾ ਪ੍ਰਬੰਧ ਕਰ ਰਹੀਆਂ ਹਨ ਅਤੇ ਕਿਧਰੇ ਮਜ਼ਦੂਰ ਆਪਣੇ ਤੌਰ 'ਤੇ ਸੜਕਾਂ ਤੇ ਪੈਦਲ ਜਾਂ ਆਪਣੇ ਸਾਧਨਾਂ ਨਾਲ ਜਾ ਰਹੇ ਹਨ। ਇੱਕ ਅਜੀਬ ਕਿਸਮ ਦਾ ਹਫ਼ਰਾ-ਤਫ਼ਰੀ ਦਾ ਮਾਹੌਲ ਹੈ। ਪੰਜਾਬ ਸਮੇਤ ਕੁਝ ਰਾਜਾਂ ਨੇ ਮਜ਼ਦੂਰਾਂ ਨੂੰ ਰੇਲ ਗੱਡੀਆਂ ਰਾਹੀਂ ਭੇਜਣ ਦਾ ਪ੍ਰਬੰਧ ਕੀਤਾ ਹੈ। ਪਰ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਆਪਣੇ ਸੂਬੇ ਵਿਚੋਂ ਮਜ਼ਦੂਰਾਂ ਦੇ ਬਾਹਰ ਭੇਜਣ ਤੇ ਪਾਬੰਦੀ ਲਾਈ ਹੋਈ ਹੈ। ਦਿੱਲੀ ਵਿਚੋਂ ਹਜ਼ਾਰਾਂ ਦੀ ਗਿਣਤੀ 'ਚ ਮਜ਼ਦੂਰ ਤੁਰ ਗਏ ਹਨ। ਪੰਜਾਬ ਵਿੱਚੋਂ ਬਾਵਜੂਦ ਸੂਬਾ ਸਰਕਾਰ ਦੀਆਂ ਬੇਨਤੀਆਂ ਦੇ ਮਜ਼ਦੂਰ ਘਰੋ-ਘਰੀ ਜਾਣ ਲਈ ਕਾਹਲੇ ਹਨ। ਪੰਜਾਬ ਜਿਸਦੀ ਖੇਤੀ ਅਤੇ ਉਦਯੋਗ ਹੀ ਪ੍ਰਵਾਸੀ ਮਜ਼ਦੂਰਾਂ ਉਤੇ ਟਿਕਿਆ ਹੋਇਆ ਹੈ, ਉਹ ਇਹਨਾ ਮਜ਼ਦੂਰਾਂ ਬਿਨ੍ਹਾਂ ਆਰਥਿਕ ਤੌਰ 'ਤੇ ਤਹਿਸ਼-ਨਹਿਸ਼ ਹੋਣ ਵੱਲ ਵਧੇਗਾ। ਇਹ ਤਾਂ ਇੱਕ ਇਹੋ ਜਿਹੀ ਸਮੱਸਿਆ ਹੈ ਜੋ ਦੇਸ਼ ਵਿਆਪੀ ਖੜੀ ਹੋ ਚੁੱਕੀ ਹੈ। ਇਸਦੇ ਨਾਲ ਹੀ ਲੌਕਡਾਊਨ ਕਾਰਨ ਜੋ ਸਭ ਕੁਝ ਠਹਿਰਾਅ ਵਿੱਚ ਆ ਗਿਆ ਅਤੇ ਜਿਸਨੂੰ ਪੜ੍ਹਾਅ ਵਾਰ ਖੋਲ੍ਹਣ ਨਾਲ ਕੋਰੋਨਾ ਵਾਇਰਸ ਦੀ ਲਾਗ ਦਾ ਖਤਰਾ ਵਧੇਗਾ ਅਤੇ ਕੁਝ ਛੋਟਾਂ ਦੇਣ ਨਾਲ ਇਹ ਵੱਧ ਵੀ ਰਿਹਾ ਹੈ।ਇਹ ਸਭ ਕੁਝ ਕਿਵੇਂ ਸੰਭਾਲਿਆ ਜਾਏਗਾ, ਇਸ ਸਬੰਧ ਵਿੱਚ ਇੱਕ ਬਹੁਤ ਹੀ ਪਰਪੱਕ ਯੋਜਨਾ ਬਨਾਉਣ ਦੀ ਲੋੜ ਹੈ, ਜੋ ਉਸ ਸਮੇਂ ਤੱਕ ਬਣਾਈ ਹੀ ਨਹੀਂ ਜਾ ਸਕੇਗੀ, ਜਦੋਂ ਤੱਕ ਸਿਆਸੀ ਧਿਰਾਂ, ਵਿਰੋਧੀ ਧਿਰਾਂ ਦੀਆਂ ਸਰਕਾਰਾਂ, ਕੇਂਦਰ ਸਰਕਾਰ ਇਕਮੱਤ ਇੱਕਜੁਟ ਹੋ ਕੇ ਕੋਈ ਰਾਸ਼ਟਰੀ ਯੋਜਨਾ ਤਿਆਰ ਨਹੀਂ ਕਰਦੀ। ਦੇਸ਼ ਕੋਲ ਪ੍ਰਸ਼ਾਸਨਿਕ ਮਾਹਿਰ ਹਨ। ਦੇਸ਼ ਕੋਲ ਦੇਸ਼ ਦੀ ਆਰਥਿਕਤਾ ਨੂੰ ਸੁਧਾਰਨ ਵਾਲੇ ਅਰਥਸ਼ਾਸ਼ਤਰੀ ਹਨ। ਦੇਸ਼ ਕੋਲ ਯੂਨੀਅਨ ਨੇਤਾ, ਕਿਸਾਨ ਮਜ਼ਦੂਰ ਜਥੇਬੰਦੀਆਂ ਦੇ ਨੇਤਾ ਹਨ, ਜੋ ਆਪੋ-ਆਪਣੇ ਖੇਤਰਾਂ 'ਚ ਵੱਡੀ ਮੁਹਾਰਤ ਰੱਖਣ ਵਾਲੇ ਲੋਕ ਹਨ। ਉਹਨਾ ਦੀਆਂ ਸੇਵਾਵਾਂ ਦੇਸ਼ ਦੇ ਕੰਮ ਆ ਸਕਦੀਆਂ ਹਨ।

23 ਮਾਰਚ 2020 ਨੂੰ ਕਰੋਨਾ ਵਾਇਰਸ ਨੂੰ ਕਾਰਨ ਦੱਸ ਕੇ ਲੌਕਡਾਊਨ ਕਰ ਦਿੱਤਾ ਗਿਆ। ਕੰਮ ਬੰਦ ਹੋ ਗਏ। ਸੜਕਾਂ ਜਾਮ ਹੋ ਗਈਆਂ। ਰੇਲ ਗੱਡੀਆਂ ਜਾਮ ਹੋ ਗਈਆਂ। ਹਵਾਈ ਜ਼ਹਾਜ ਸੇਵਾਵਾਂ ਮੁਅੱਤਲ ਹੋ ਗਈਆਂ। ਵੱਖ-ਵੱਖ ਰਾਜਾਂ ਵਿੱਚ ਪ੍ਰਵਾਸੀ ਮਜ਼ਦੂਰ, ਜੋ ਨਿੱਤਪ੍ਰਤੀ ਕੰਮ ਧੰਦੇ ਕਰਕੇ ਗੁਜ਼ਾਰਾ ਕਰਦੇ ਸਨ ਅਤੇ ਜਿਹਨਾ ਦੀ ਗਿਣਤੀ 10-15 ਕਰੋੜ ਅੰਦਾਜਨ ਆਂਕੀ ਜਾ ਰਹੀ ਹੈ। ਉਹ ਫਸ ਗਏ । ਰੁਜ਼ਗਾਰ ਪੱਲੇ ਨਹੀਂ ਰਿਹਾ। ਰਿਹਾਇਸ਼ ਔਖੀ ਹੋ ਗਈ। ਢਿੱਡ ਭੁੱਖੇ ਰਹਿਣ ਲੱਗੇ। ਕੋਰੋਨਾ ਲਾਗ ਦਾ ਖਤਰਾ ਸਤਾਉਣ ਲੱਗਾ। ਸਿਹਤ ਸਹੂਲਤਾਂ ਦੀ ਕਮੀ ਦੇਸ਼ ਨੂੰ ਰੜਕਣ ਲੱਗੀ। ਸਮਝਿਆ ਜਾਣ ਲੱਗ ਪਿਆ ਕਿ ਦੇਸ਼ ਵਿੱਚ ਕੋਰੋਨਾ ਵਾਇਰਸ ਨਾਲੋਂ ਭੁੱਖਮਰੀ ਦਾ ਲੋਕ ਵੱਧ ਸ਼ਿਕਾਰ ਹੋਣਗੇ। ਕੇਂਦਰ ਸਰਕਾਰ ਵਲੋਂ ਰਸਦ ਕਿੱਟਾਂ ਸੂਬਿਆਂ ਨੂੰ ਭੇਜੀਆਂ ਜਾਣ ਲੱਗੀਆਂ। ਵਿਰੋਧੀ ਸਰਕਾਰਾਂ ਵਾਲੇ ਸੂਬੇ ਇਲਜ਼ਾਮ ਲਾਉਣ ਲੱਗੇ ਕਿ ਰਸਦ ਉਹਨਾ ਕੋਲ ਠੀਕ ਢੰਗ ਨਾਲ ਅਤੇ ਪੂਰੀ ਮਾਤਰਾ 'ਚ ਨਹੀਂ ਪੁੱਜ ਰਹੀ, ਉਹ ਲੋਕਾਂ ਕੋਲ ਕਿਵੇਂ ਪਹੁੰਚਾਉਣਗੇ? ਕਿਉਂਕਿ ਦੇਸ਼ ਕੋਲ ਪੁਖਤਾ ਅਨਾਜ ਵੰਡ ਪ੍ਰਣਾਲੀ ਨਹੀਂ ਹੈ। ਦੂਸ਼ਣਬਾਜੀ ਵੱਧਣ ਲੱਗੀ ਹੈ। ਕੇਂਦਰ ਅਤੇ ਸੂਬਿਆਂ ਦੀਆਂ ਸਰਕਾਰਾਂ ਦੇ ਸਿੰਗ ਆਪਸ ਵਿੱਚ ਫਸਣ ਲੱਗੇ ਹਨ।

ਕੇਂਦਰ ਸਰਕਾਰ ਉਤੇ ਲਗਾਤਾਰ ਇਲਜ਼ਾਮ ਲੱਗ ਰਿਹਾ ਹੈ ਕਿ ਸਾਰੀਆਂ ਯੋਜਨਾਵਾਂ, ਸਮੇਤ ਲੌਕਡਾਊਨ ਪ੍ਰਧਾਨ ਮੰਤਰੀ ਦੇ ਦਫ਼ਤਰ ਵਿਚੋਂ ਲਾਗੂ ਹੁੰਦੀਆਂ ਹਨ। ਅਫ਼ਸਰਸ਼ਾਹੀ, ਨੌਕਰਸ਼ਾਹੀ ਆਪਣੇ ਧੱਕੜਸ਼ਾਹੀ ਅੰਦਾਜ਼ ਵਿੱਚ ਕੰਮ ਕਰ ਰਹੀ ਹੈ। ਸੂਬਿਆਂ ਦੀਆਂ ਸਰਕਾਰਾਂ ਨੂੰ ਇਸ ਆਫ਼ਤ ਨਾਲ ਲੜਨ ਲਈ ਉਪਰਲੀ ਨਿੱਤ ਨਵੇਂ ਆਦੇਸ਼ ਦੇ ਰਹੀ ਹੈ। ਗਰੀਨ, ਅਰੇਂਜ, ਰੈਡ ਜ਼ੋਨ 'ਚ ਵੰਡ ਕੇ ਇੱਕ ਵੱਖਰੀ ਕਿਸਮ ਦੀ ਆਪਣੇ ਤਰੀਕੇ ਨਾਲ ਵੰਡ ਪਾ ਰਹੀ ਹੈ। ਇਲਜ਼ਾਮ ਇਹ ਵੀ ਲੱਗ ਰਿਹਾ ਹੈ ਕਿ ਕੇਂਦਰ ਸਰਕਾਰ ਨੇ ਆਪਣੇ ਹੀ ਸਿਆਸੀ ਨੇਤਾਵਾਂ, ਕਾਰਕੁਨਾਂ ਦੀ ਇਸ ਸਬੰਧੀ ਕੋਈ ਸਲਾਹ ਨਹੀਂ ਲਈ। ਸੂਬਿਆਂ ਵਿੱਚ ਵੀ ਇਹੋ ਜਿਹੀ ਸਥਿਤੀ ਹੀ ਬਣੀ ਹੋਈ ਹੈ। ਜਿਵੇਂ ਕੇਂਦਰ ਵਿੱਚ ਪ੍ਰਧਾਨ ਮੰਤਰੀ ਦਾ ਦਫ਼ਤਰ ਆਪਣੀਆਂ ਚੰਮ ਦੀਆਂ ਚਲਾ ਰਿਹਾ ਹੈ, ਉਥੇ ਸੂਬਿਆਂ 'ਚ ਵੀ ਹਾਲ ਇਸ ਤੋਂ ਵੱਖਰਾ ਨਹੀਂ। ਪੰਜਾਬ ਦੇ ਮੁੱਖ ਮੰਤਰੀ ਉਤੇ ਵੀ ਇਹੋ ਜਿਹੇ ਪ੍ਰਸ਼ਨ ਉਠ ਰਹੇ ਹਨ। ਆਬਕਾਰੀ ਨੀਤੀ ਪੰਜਾਬ ਵਿੱਚ ਲਾਗੂ ਕਰਨ ਲਈ, ਸ਼ਰਾਬ ਦੇ ਠੇਕੇ ਖੋਲ੍ਹਣ ਲਈ, ਕੀਤੀ ਜਾਣ ਵਾਲੀ ਮੀਟਿੰਗ 'ਚ ਸਾਫ ਦਸਿਆ ਕਿ ਪੰਜਾਬ 'ਚ ਅਫ਼ਸਰਸ਼ਾਹੀ ਭਾਰੂ ਹੋ ਗਈ ਹੈ। ਕੋਰੋਨਾ ਦਾ ਸੰਤਾਪ ਭੋਗ ਰਹੇ ਆਮ ਲੋਕ ਚੱਕੀ ਵਿੱਚ ਪਿਸ ਰਹੇ ਹਨ। ਸਿਆਸਤਦਾਨ ਆਪਣੀ ਸਿਆਸਤ ਕਰ ਰਹੇ ਹਨ ਅਤੇ ਦੇਸ਼ ਦੀ ਨੌਕਰਸ਼ਾਹੀ ਅਵੱਲੀ ਖੇਡ ਖੇਡ ਰਹੀ ਹੈ । ਅਜ਼ੀਬ ਜਿਹੀ ਗੱਲ ਜਾਪਦੀ ਹੈ ਕਿ ਸਰਕਾਰ ਦੇ ਸੀਨੀਅਰ ਨੇਤਾ, ਮੰਤਰੀ ਮੰਡਲ ਦੀ ਮੀਟਿੰਗ ਵਿੱਚੋਂ ਆਪਣੇ ਹੀ ਮੁੱਖ ਸਕੱਤਰ ਦੇ ਵਿਰੁੱਧ ਬਾਈਕਾਟ ਕਰਕੇ ਬਾਹਰ ਆ ਜਾਣ।

ਦੇਸ਼ ਸਾਹਮਣੇ ਦਰਪੇਸ਼ ਸਮੱਸਿਆਵਾਂ:

1. ਤਾਲਾਬੰਦੀ ਕਾਰਨ ਦੇਸ਼ 'ਚ ਬੇਰੁਜ਼ਗਾਰੀ ਵਿੱਚ ਬੇਇੰਤਹਾ ਵਾਧਾ ਹੋ ਗਿਆ ਹੈ, ਜੋ ਪਹਿਲਾਂ ਹੀ ਚਰਮ ਸੀਮਾਂ ਉਤੇ ਸੀ।
2. ਦੇਸ਼ ਦੀ ਵੱਡੀ ਗਿਣਤੀ ਲੋਕ ਰੋਜ਼ਾਨਾ ਇੱਕ ਡੰਗ ਦੀ ਰੋਟੀ ਤੋਂ ਵੀ ਤਰਸੇ ਪਏ ਸਨ। ਹੁਣ ਜਦ ਰੁਜ਼ਗਾਰ ਬੰਦ ਹੋ ਗਿਆ ਹੈ। ਕਿਰਤੀ ਹੱਥ ਵਿਹਲੇ ਹੋ ਗਏ। ਕਮਾਈ ਦਾ ਕੋਈ ਸਾਧਨ ਨਹੀਂ ਰਿਹਾ। ਭੁੱਖਮਰੀ ਦਾ ਵਧਣਾ ਸੁਭਾਵਿਕ ਹੈ।
3. ਦੇਸ਼ ਕੋਲ ਸਿਹਤ ਸਹੂਲਤਾਂ ਸਮੇਤ ਡਾਕਟਰੀ ਅਮਲੇ, ਦਵਾਈਆਂ ਦੀ ਕਮੀ ਹੈ। ਇਸ ਵੇਲੇ ਪੂਰਾ ਦੇਸ਼ ਇਸ ਆਫ਼ਤ ਨਾਲ ਲੜ ਰਿਹਾ ਹੈ ਤੇ ਡਾਕਟਰੀ ਅਮਲੇ ਦਾ ਧਿਆਨ ਕੋਰੋਨਾ ਆਫ਼ਤ ਵੱਲ ਹੈ। ਬਾਕੀ ਮਰੀਜ਼ਾਂ ਵੱਲ ਉਹਨਾ ਦਾ ਧਿਆਨ ਨਹੀਂ ਕਰ ਰਹੇ। ਇਹੋ ਜਿਹੇ ਹਾਲਾਤਾਂ 'ਚ ਸਿਹਤ ਸਹੂਲਤਾਂ ਦੀ ਕਮੀ ਖਟਕੇਗੀ।
4. ਕਾਰੋਬਾਰ ਬੰਦ ਹੋ ਗਏ ਹਨ। ਕਾਰਖਾਨੇ ਚੱਲਣੋ ਹਟ ਗਏ ਹਨ। ਉਤਪਾਦਨ ਘੱਟ ਗਿਆ ਹੈ। ਚੀਜ਼ਾਂ ਦੇ ਭਾਅ ਵੱਧ ਗਏ ਹਨ।
5. ਸਰਕਾਰੀ ਆਮਦਨ 'ਚ ਕਮੀ ਆਈ ਹੈ। ਸਰਕਾਰਾਂ ਵਲੋਂ ਐਕਸਾਈਜ਼ ਡਿਊਟੀ ਅਤੇ ਹੋਰ ਟੈਕਸ ਵਧਾਏ ਜਾ ਰਹੇ ਹਨ। ਮਹਿੰਗਾਈ ਵੱਧ ਰਹੀ ਹੈ। ਆਮਦਨ ਦੀ ਕਮੀ ਨਾਲ ਲੋਕਾਂ ਦੀ ਖਰੀਦ ਸ਼ਕਤੀ ਘੱਟੇਗੀ। ਦੇਸ਼ ਦੀ ਆਰਥਿਕਤਾ ਤਬਾਹੀ ਦੇ ਕੰਢੇ ਪੁੱਜੇਗੀ।
6. ਲੌਕਡਾਊਨ ਦੌਰਾਨ ਸਿੱਖਿਆ ਅਦਾਰੇ ਬੰਦ ਹੋ ਗਏ ਹਨ। ਸਿੱਖਿਆ ਜਿਹੜੀ ਪਹਿਲਾਂ ਹੀ ਸਰਕਾਰ ਦੀ ਤਰਜ਼ੀਹ ਨਹੀਂ ਹੈ, ਉਸ ਵੱਲ ਸਰਕਾਰੀ ਸਾਧਨਾਂ ਦੀ ਕਮੀ ਕਾਰਨ, ਬੇਧਿਆਨ ਹੋਏਗੀ। ਸਮਾਜ ਖ਼ਾਸ ਤੌਰ ਤੇ ਹੇਠਲੇ ਵਰਗ ਦੇ ਲੋਕ ਸਿੱਖਿਆ ਤੋਂ ਵਾਂਝੇ ਹੋਣਗੇ।
7. ਸਰਕਾਰ ਦਾ ਲੋਕਾਂ ਨਾਲ ਰਾਬਤਾ ਟੁੱਟਦਾ ਜਾ ਰਿਹਾ ਹੈ। ਸਿਆਸੀ ਨੇਤਾ ਇਸ ਮਹਾਂਮਾਰੀ ਸਮੇਂ ਲੋਕਾਂ ਤੱਕ ਪਹੁੰਚ ਨਹੀਂ ਕਰ ਰਹੇ। ਦੇਸ਼ ਵਿੱਚ ਇਹੋ ਜਿਹੇ ਹਾਲਾਤਾਂ ਵਿੱਚ ਅਰਾਜ਼ਕਤਾ ਦਾ ਮਾਹੌਲ ਬਣੇਗਾ।
8. ਦੇਸ਼ ਪਹਿਲਾਂ ਹੀ ਮੰਦੀ ਦੇ ਦੌਰ 'ਚੋਂ ਲੰਘ ਰਿਹਾ ਹੈ। ਕਈ ਪ੍ਰਾਈਵੇਟ ਆਟੋਮੋਬਾਇਲ ਕੰਪਨੀਆਂ ਬੰਦ ਹੋ ਚੁੱਕੀਆਂ ਹਨ। ਬੈਂਕਾਂ ਵਿੱਚ ਬਹੁਤ ਸਾਰੇ ਫਰਾਡ ਹੋਏ ਹਨ। ਬੈਂਕਾਂ ਨੇ ਕਈ ਵੱਡੇ ਲੋਕਾਂ ਦੇ ਕਰਜ਼ੇ ਵੱਟੇ ਖਾਤੇ ਪਾ ਦਿੱਤੇ ਹਨ।
9. ਖੇਤੀ ਜੋ ਭਾਰਤੀ ਆਰਥਿਕਤਾ ਦਾ ਅਧਾਰ ਮੰਨੀ ਜਾਂਦੀ ਸੀ। ਘਾਟੇ ਦੀ ਖੇਤੀ ਬਣਕੇ ਰਹਿ ਗਈ ਹੈ। ਕਿਸਾਨ ਖੁਦਕੁਸ਼ੀ ਦੇ ਰਾਹ ਪੈ ਗਏ ਹਨ। ਕਿਸਾਨਾਂ ਦੀ ਪ੍ਰੇਸ਼ਾਨੀ ਵਧਦੀ ਜਾ ਰਹੀ ਹੈ।
10.ਪ੍ਰਵਾਸੀ ਮਜ਼ਦੂਰ ਜੋ ਆਪਣੇ ਸੂਬਿਆਂ ਵੱਲ ਪਰਤ ਰਹੇ ਹਨ, ਜਾਂ ਜਿਹੜੇ ਭਾਰਤੀ ਵਿਦੇਸ਼ ਰਹਿੰਦੇ ਹਨ, ਉਹ ਅਤੇ ਜਿਹੜੇ ਦੇਸ਼ ਪਰਤ ਰਹੇ ਹਨ, ਉਹਨਾ ਦੇ ਰੁਜ਼ਗਾਰ ਦਾ ਕੀ ਬਣੇਗਾ?

ਇਹਨਾ ਸਾਰੀਆਂ ਸਮੱਸਿਆਵਾਂ ਦੇ ਹੱਲ ਲਈ ਕਿਸੇ ਵਿਆਪਕ ਯੋਜਨਾ ਦੀ ਲੋੜ ਪਏਗੀ। ਸਾਡੇ ਦੇਸ਼ ਦੇ ਹਾਕਮ ਇਸ ਗੱਲੋਂ ਹੱਥ ਛਿਣਕਕੇ ਇਹ ਗੱਲ ਕਹਿਕੇ ਸੁਰਖੁਰੂ ਨਹੀਂ ਹੋ ਸਕਦੇ ਕਿ ਇਹ ਵਿਸ਼ਵ ਵਿਆਪੀ ਸਮੱਸਿਆਵਾਂ ਹਨ। ਤਾਲੀਆਂ , ਥਾਲੀਆਂ, ਫੁੱਲਾਂ ਦੀ ਵਰਖਾ ਕਰਕੇ ਅਤੇ ਇਸ ਆਫ਼ਤ ਵਿਰੁੱਧ ਲੜਨ ਵਾਲੇ ਯੋਧਿਆਂ ਦੀ ਸਿਰਫ਼ ਹੌਂਸਲਾ ਅਫਜਾਈ ਕਰਕੇ ਇਹ ਜੰਗ ਜਿੱਤੀ ਨਹੀਂ ਜਾ ਸਕਦੀ, ਕਿਉਂਕਿ ਕੋਰੋਨਾ ਦਾ ਕਹਿਰ ਕਦੋਂ ਮੁੱਕੇਗਾ, ਕੋਈ ਕੁਝ ਨਹੀਂ ਕਹਿ ਸਕਦਾ। ਪਰ ਕੋਰੋਨਾ ਕਾਰਨ ਪੈਦਾ ਹੋਈਆਂ ਸਮੱਸਿਆਵਾਂ, ਜੋ ਸਾਵਧਾਨੀ ਨਾਲ ਘਟਾਈਆਂ ਜਾ ਸਕਦੀਆਂ ਸਨ, ਪਰ ਜਿਹੜੀਆਂ ਹੁਣ ਸਿਰ ਪੈ ਗਈਆਂ ਹਨ, ਉਹਨਾ ਦਾ ਹੱਲ ਸਿਰ ਜੋੜਕੇ ਕੀਤੇ ਬਿਨ੍ਹਾਂ ਨਹੀਂ ਸਰਨਾ। ਇਹ ਇੱਕ ਰਾਸ਼ਟਰੀ ਸਮੱਸਿਆ ਹੈ ਜੋ ਦੇਸ਼ ਵਿੱਚ ਰਾਸ਼ਟਰੀ ਸਰਕਾਰ ਦੀ ਬਹੁ-ਪਾਰਟੀ ਸਰਕਾਰ ਦੇ ਗਠਨ ਨਾਲ ਹੱਲ ਹੋ ਸਕਦੀ ਹੈ।

ਮਈ 1940 ਵਿੱਚ ਜਦੋਂ ਬਰਤਾਨੀਆ ਦੇ ਸਾਹਮਣੇ ਨਾਜੀਆਂ ਦੀ ਸਮੱਸਿਆ ਖੜੀ ਸੀ ਤਾਂ ਉਥੇ ਸਰਬ-ਪਾਰਟੀ ਅਰਥਾਤ ਰਾਸ਼ਟਰੀ ਸਰਕਾਰ ਦੀ ਸਥਾਪਨਾ ਕੀਤੀ ਗਈ ਸੀ ਤਾਂ ਕਿ ਪੂਰਾ ਰਾਸ਼ਟਰ ਇਸ ਸਮੱਸਿਆ ਨਾਲ ਨਜਿੱਠ ਸਕੇ ਅਤੇ ਜਿੱਤ ਪ੍ਰਾਪਤ ਕਰ ਸਕੇ। ਦੇਸ਼ ਨੂੰ ਰਾਸ਼ਟਰ ਹਿੱਤ ਵਿੱਚ ਇਹ ਫ਼ੈਸਲਾ ਲੈਣ 'ਚ ਦੇਰੀ ਨਹੀਂ ਕਰਨੀ ਚਾਹੀਦੀ।

# ਕਰੋਨਾ ਮਹਾਂਮਾਰੀ ਦੌਰਾਨ ਸਿੱਖਾਂ ਦੇ ਯੋਗਦਾਨ ਨੂੰ ਸੰਸਾਰ ਅਣਡਿਠ ਨਹੀਂ ਕਰ ਸਕਦਾ

ਉਜਾਗਰ ਸਿੰਘ, ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ



ਸੰਸਾਰ ਵਿਚ ਕਰੋਨਾ ਮਹਾਂਮਾਰੀ ਦਾ ਕੋਹਰਾਮ ਮੱਚਿਆ ਹੋਇਆ ਹੈ। ਹਰ ਇਨਸਾਨ ਚਿੰਤਾ ਵਿਚ ਡੁੱਬਿਆ ਹੋਇਆ ਹੈ। ਸੰਸਾਰ ਦੀ ਆਰਥਿਕਤਾ ਡਾਵਾਂਡੋਲ ਹੋ ਗਈ ਹੈ। ਵੈਸੇ ਤਾਂ ਲਾਕਡਾਊਨ ਦਾ ਹਰ ਵਿਅਕਤੀ ਦੀ ਆਰਥਿਕਤਾ ਤੇ ਅਸਰ ਪਿਆ ਹੈ ਪ੍ਰੰਤੂ ਗ਼ਰੀਬ ਵਰਗ ਸਭ ਤੋਂ ਵੱਧ ਪ੍ਰਭਾਵਤ ਹੋਇਆ ਹੈ। ਉਨ੍ਹਾਂ ਨੂੰ ਤਾਂ ਰੋਟੀ ਰੋਜ਼ ਦੇ ਲਾਲੇ ਪੈ ਗਏ ਹਨ। ਅਜਿਹੇ ਬਿਪਤਾ ਦੇ ਸਮੇਂ ਵਿਚ ਸਿੱਖਾਂ ਅਤੇ ਗੁਰਦੁਆਰਾ ਸਾਹਿਬਾਨ ਨੇ ਸੰਸਾਰ ਦੇ ਪ੍ਰਭਾਵਤ ਇਲਾਕਿਆਂ ਵਿਚ ਲੰਗਰ ਲਗਾਕੇ ਲੋਕਾਂ ਨੂੰ ਖਾਣਾ ਖਿਲਾਇਆ। ਸੰਸਾਰ ਦਾ ਅਜਿਹਾ ਕੋਈ ਗੁਰਦੁਆਰਾ ਨਹੀਂ ਜਿਥੋਂ ਲੰਗਰ ਬਣਾਕੇ ਲੋਕਾਂ ਨੂੰ ਨਾ ਦਿੱਤਾ ਹੋਵੇ। ਗੁਰੂ ਘਰਾਂ ਤੋਂ ਇਲਾਵਾ ਸਿੱਖ ਸੰਸਥਾਵਾਂ ਅਤੇ ਸਿੱਖਾਂ ਨੇ ਨਿੱਜੀ ਤੌਰ ਤੇ ਲੰਗਰ ਤਿਆਰ ਕਰਕੇ ਲੋੜਮੰਦਾਂ ਨੂੰ ਤਕਸੀਮ ਕੀਤਾ। ਸਿੱਖ ਧਰਮ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭੁੱਖੇ ਸਾਧੂਆਂ ਨੂੰ 20 ਰੁਪਏ ਦਾ ਭੋਜਨ ਕਰਵਾਕੇ ਸੱਚਾ ਸੌਦਾ ਕੀਤਾ ਸੀ, ਜਿਸ ਉਪਰ ਸਿੱਖ ਧਰਮ ਦੇ ਅਨੁਆਈ ਪਿਛਲੇ 550 ਸਾਲਾਂ ਤੋਂ ਪਹਿਰਾ ਦੇ ਰਹੇ ਹਨ। ਕਿਰਤ ਕਰੋ ਤੇ ਵੰਡ ਛਕੋ ਸਿੱਖ ਧਰਮ ਦੀ ਵਿਚਾਰਧਾਰਾ ਦਾ ਧੁਰਾ ਹੈ। ਜਿਸ ਕਰਕੇ ਲੰਗਰ ਦੀ ਪ੍ਰਥਾ ਲਗਾਤਾਰ ਜਾਰੀ ਹੈ। ਸੰਸਾਰ ਵਿਚ ਬਹੁਤ ਸਾਰੇ ਧਰਮ ਹਨ। ਸਾਰੇ ਧਰਮ ਸਰਬਸਾਂਝੀਵਾਲਤਾ ਦਾ ਸੰਦੇਸ ਦਿੰਦੇ ਹੋਏ ਸਦਭਾਵਨਾ ਬਰਕਰਾਰ ਰੱਖਣ ਦੀ ਪ੍ਰੇਰਨਾ ਦਿੰਦੇ ਹਨ। ਆਮ ਤੌਰ ਤੇ ਹਰ ਧਰਮ ਦੇ ਅਨੁਆਈ ਆਪੋ ਆਪਣੇ ਧਰਮਾ ਦੇ ਲੋਕਾਂ ਦੀ ਬਿਹਤਰੀ ਅਤੇ ਸੁਖ ਸ਼ਾਂਤੀ ਦੀ ਕਾਮਨਾ ਕਰਦੇ ਹੋਏ ਆਪੋ ਆਪਣੇ ਧਰਮਾ ਨੂੰ ਸਰਵਉਚ ਸਮਝਦੇ ਹਨ। ਜੇਕਰ ਉਨ੍ਹਾਂ ਨੇ ਕੋਈ ਭਲਾਈ ਦਾ ਕੰਮ ਕਰਨਾ ਹੋਵੇ ਤਾਂ ਸਿਰਫ ਆਪਣੇ ਲੋਕਾਂ ਦਾ ਹੀ ਧਿਆਨ ਰੱਖਦੇ ਹਨ। ਸਿੱਖ ਧਰਮ ਸਾਰੇ ਧਰਮਾ ਤੋਂ ਨਵਾਂ, ਨਵੇਕਲਾ, ਵਿਲੱਖਣ ਅਤੇ ਆਧੁਨਿਕ ਹੈ। ਸਿੱਖ ਧਰਮ ਦੀ ਖਾਸੀਅਤ ਇਹ ਹੈ ਕਿ ਇਹ ਸਰਬਤ ਦੇ ਭਲੇ ਦੀ ਗੱਲ ਕਰਦਾ ਹੈ। ਭਾਵ ਸਿਰਫ ਸਿੱਖਾਂ ਦੇ ਭਲੇ ਦੀ ਨਹੀਂ ਸਗੋਂ ਹੋਰ ਧਰਮਾਂ ਦੇ ਅਨੁਆਈਆਂ ਦਾ ਭਲਾ ਵੀ ਚਾਹੁੰਦਾ ਹੈ। ਅਰਥਾਤ ਇਨਸਾਨੀਅਤ ਦਾ ਮੁਦਈ ਹੈ। ਇਥੇ ਹੀ ਬਸ ਨਹੀਂ ਸਗੋਂ ਆਪਣੀ ਦਸਾਂ ਨੌਂਹਾਂ ਦੀ ਕਿਰਤ ਕਮਾਈ ਵਿਚੋਂ ਦਸਵੰਧ ਭਾਵ ਦਸਵਾਂ ਹਿੱਸਾ ਸ਼ੁਭ ਕੰਮਾ ਤੇ ਖਰਚਣ ਦੀ ਤਾਕੀਦ ਕਰਦਾ ਹੈ। ਗੁਰੂ ਦੀ ਗੋਲਕ ਨੂੰ ਗ਼ਰੀਬ ਦਾ ਮੂੰਹ ਕਿਹਾ ਜਾਂਦਾ ਹੈ। ਸ਼ੁਭ ਕੰਮ ਤੋਂ ਭਾਵ ਮਾਨਵਤਾ ਦੀ ਸੇਵਾ ਲਈ ਖਰਚਣ ਲਈ ਕਹਿੰਦਾ ਹੈ।

ਅਸਲ ਵਿਚ ਰੈਡ ਕਰਾਸ ਦੀ ਸ਼ੁਰੂਆਤ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਕੀਤੀ ਸੀ। ਉਨ੍ਹਾਂ ਭਾਈ ਘਨਈਆ ਨੂੰ ਮੁਗਲਾਂ ਵੱਲੋਂ 1704 ਵਿਚ ਆਨੰਦਪੁਰ ਸਾਹਿਬ ਵਿਖੇ ਕੀਤੇ ਗਏ ਹਮਲੇ ਦੌਰਾਨ ਲੜਾਈ ਵਿਚ ਜ਼ਖ਼ਮੀਆਂ ਨੂੰ ਪਾਣੀ ਪਿਲਾਉਣ ਦੀ ਜ਼ਿੰਮੇਵਾਰੀ ਲਗਾਈ ਸੀ ਤੇ ਨਾਲ ਹੀ ਇਹ ਵੀ ਹਦਾਇਤ ਕੀਤੀ ਸੀ ਕਿ ਸਾਰੇ ਜ਼ਖ਼ਮੀਆਂ ਨੂੰ ਪਾਣੀ ਪਿਲਾਇਆ ਜਾਵੇ, ਭਾਵੇਂ ਉਹ ਦੁਸ਼ਮਣ ਫ਼ੌਜਾਂ ਦੇ ਹੀ ਕਿਉਂ ਨਾ ਹੋਣ। ਗੁਰੂ ਸਾਹਿਬ ਦਾ ਹੁਕਮ ਸੀ ਕਿ ਪਾਣੀ ਪਿਲਾਉਣ ਸਮੇਂ ਰੰਗ, ਜ਼ਾਤ, ਧਰਮ ਅਤੇ ਕੌਮੀਅਤ ਨਾ ਵੇਖੀ ਜਾਵੇ, ਅਰਥਾਤ ਕੋਈ ਭੇਦ ਭਾਵ ਨਾ ਕੀਤਾ ਜਾਵੇ। ਇਸੇ ਕਰਕੇ ਸਿੱਖ ਧਰਮ ਬਿਨਾ ਕਿਸੇ ਵੀ ਭੇਦ ਭਾਵ ਤੇ ਹਰ ਲੋੜਮੰਦ ਦੀ ਮਦਦ ਕਰਦਾ ਹੈ। । ਭਾਈ ਘਨਈਆ ਸਿੱਖ ਧਰਮ ਦਾ ਪਹਿਲਾ ਵਿਅਕਤੀ ਹੋਇਆ ਹੈ, ਜਿਸਨੇ ਆਨੰਦਪੁਰ ਸਾਹਿਬ ਵਿਖੇ ਜੰਗ ਦੇ ਮੈਦਾਨ ਵਿਚ ਜਖ਼ਮੀਆਂ ਨੂੰ ਪਾਣੀ ਪਿਲਾਉਂਦਿਆਂ ਦੁਸ਼ਮਣਾਂ ਦੇ ਜ਼ਖ਼ਮੀਆਂ ਨੂੰ ਪਾਣੀ ਪਿਲਾਕੇ ਸਰਬਤ ਦੇ ਭਲੇ ਦਾ ਉਪਰਾਲਾ ਕੀਤਾ ਸੀ। ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਕੋਲ ਇਹ ਸ਼ਿਕਾਇਤ ਕੀਤੀ ਗਈ ਕਿ ਉਹ ਤਾਂ ਜ਼ਖ਼ਮੀ ਦੁਸ਼ਮਣਾ ਨੂੰ ਵੀ ਪਾਣੀ ਪਿਲਾ ਰਿਹਾ ਹੈ ਤਾਂ ਭਾਈ ਘਨਈਆ ਨੇ ਕਿਹਾ ਸੀ ਕਿ ਉਸਨੂੰ ਤਾਂ ਹਰ ਜ਼ਖ਼ਮੀ ਵਿਚੋਂ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਤਸਵੀਰ ਨਜ਼ਰ ਆਉਂਦੀ ਹੈ। ਭਾਵ ਇਹ ਸੀ ਕਿ ਉਸਨੂੰ ਸਾਰੇ ਇਨਸਾਨ ਇਕੋ ਜਹੇ ਲੱਗਦੇ ਹਨ। ਇਹ ਹੈ ਸਿੱਖੀ ਵਿਚਾਰਧਾਰਾ ਦੀ ਸੋਚ, ਜਿਸ ਵਿਚ ਹਰ ਇਨਸਾਨ ਨੂੰ ਇਕੋ ਨਿਗਾਹ ਨਾਲ ਵੇਖਿਆ ਜਾਂਦਾ ਹੈ। ਸਿੱਖ ਗੁਰਦੁਆਰਾ ਸਾਹਿਬਾਨ ਵਿਚ ਹਮੇਸ਼ਾ ਲੰਗਰ ਚਲਦਾ ਰੱਖਦੇ ਹਨ। ਲੰਗਰ ਵਿਚ ਕੋਈ ਵੀ ਆ ਕੇ ਖਾਣਾ ਖਾ ਸਕਦਾ ਹੈ। ਵਰਤਮਾਨ ਰੈਡ ਕਰਾਸ ਤਾਂ ਸਿੱਖ ਸੋਚ ਵਿਚੋਂ ਲਈ ਗਈ ਧਾਰਨਾ ਹੈ। ਰੈਡ ਕਰਾਸ ਬਣਾਉਣ ਦਾ ਵਿਚਾਰ ਸਵਿਟਜ਼ਲੈਂਡ ਦੇ ਨੌਜਵਾਨ ਵਿਓਪਾਰੀ ਹੈਨਰੀ ਦੁਨੰਤ ਨੂੰ 1859 ਵਿਚ ਆਸਟਰੀਆ ਅਤੇ ਫਰੈਂਕੋ ਸਾਰਡੀਅਨ ਗਠਜੋੜ ਦਰਮਿਆਨ ਇਟਲੀ ਦੇ ਸੋਲਫਰੀਨੋ ਸ਼ਹਿਰ ਵਿਚ ਹੋਈ ਲੜਾਈ ਸਮੇਂ ਜ਼ਖ਼ਮੀਆਂ ਦੀ ਦੁਰਦਸ਼ਾ ਵੇਖਕੇ ਹੋਇਆ ਸੀ। ਵਰਤਮਾਨ ਅੰਤਰਰਾਸ਼ਟਰੀ ਰੈਡ ਕਰਾਸ ਦੀ ਸਥਾਪਨਾ 1863 ਵਿਚ ਹੋਈ ਸੀ। ਸਿੱਖ ਧਰਮ ਦੇ ਅਨੁਆਈ ਹਰ ਕੁਦਰਤੀ ਆਫਤ ਦੌਰਾਨ ਸਮੁੱਚੇ ਸੰਸਾਰ ਵਿਚ ਸਿੱਖ ਜਗਤ ਵੱਲੋਂ ਕਿਰਤ ਕਰੋ ਤੇ ਵੰਡ ਛਕੋ ਦੇ ਸਿਧਾਂਤ ਤੇ ਪਹਿਰਾ ਦੇ ਕੇ ਮਾਨਵਤਾ ਦੇ ਭਲੇ ਲਈ ਕੀਤੇ ਕਾਰਜਾਂ ਦੀ ਭਰਪੂਰ ਪ੍ਰਸੰਸਾ ਹੁੰਦੀ ਰਹੀ ਹੈ। ਭਾਈ ਰਵੀ ਸਿੰਘ ਵੱਲੋਂ ਸ਼ੁਰੂ ਕੀਤੀ ਗਈ "ਖਾਲਸਾ ਏਡ ਸੰਸਥਾ" ਸੰਸਾਰ ਵਿਚ ਹਰ ਕੁਦਰਤੀ ਆਫ਼ਤ ਦੇ ਮੌਕੇ ਤੇ ਪਹੁੰਚਕੇ ਲੋੜਮੰਦਾਂ ਦੀ ਮਦਦ ਕਰਦੀ ਹੈ। ਭੁੱਖਿਆਂ ਨੂੰ ਰੋਟੀ ਅਤੇ ਕਪੜਿਆਂ ਦਾ ਪ੍ਰਬੰਧ ਕਰਦੀ ਹੈ। ਖਾਲਸਾ ਏਡ ਨੇ ਸਿੱਖ ਧਰਮ ਦੀ ਪਛਾਣ ਤਾਂ ਬਣਾਈ ਹੀ ਹੈ ਪ੍ਰੰਤੂ ਸਾਰੇ ਸਿੱਖ ਜਗਤ ਨੂੰ ਵੀ ਕਿਰਤ ਕਰੋ ਤੇ ਵੰਡ ਛਕੋ ਤੇ ਪਹਿਰਾ ਦੇਣ ਲਈ ਪ੍ਰੇਰਨਾ ਦਿੱਤੀ ਹੈ। ਕਰੋਨਾ ਮਹਾਂਮਾਰੀ ਦੌਰਾਨ ਸੰਸਾਰ ਵਿਚ ਲਾਕਡਾਊਨ ਹੋਇਆ। ਲੋਕ ਘਰਾਂ ਵਿਚ ਬੈਠੇ ਹਨ ਪ੍ਰੰਤੂ ਸਿੱਖ ਧਰਮ ਦੇ ਅਨੁਆਈ ਸੰਸਾਰ ਦੇ 165 ਦੇਸਾਂ ਵਿਚ ਗੁਰਦੁਆਰਾ ਸਾਹਿਬਾਨ ਵਿਚ ਅਤੇ ਨਿੱਜੀ ਤੌਰ ਤੇ ਲੰਗਰ ਤਿਆਰ ਕਰਕੇ ਆਪਦੀਆਂ ਜ਼ਿੰਦਗੀਆਂ ਨੂੰ ਦਾਅ ਤੇ ਲਾ ਕੇ ਲੋਕਾਂ ਨੂੰ ਘਰੋ ਘਰੀ ਪਹੁੰਚਾ ਰਹੇ ਹਨ। ਦੁਨੀਆਂ ਦਾ ਅਜਿਹਾ ਕੋਈ ਸ਼ਹਰਿ ਅਤੇ ਪਿੰਡ ਨਹੀਂ ਜਿਥੇ ਸਿੱਖ ਲੰਗਰ ਨਹੀਂ ਪਹੁੰਚਾ ਰਹੇ। ਸਮੁੱਚੇ ਸੰਸਾਰ ਵਿਚ ਇਸ ਕਰਕੇ ਸਿੱਖ ਧਰਮ ਅਤੇ ਸਿੱਖਾਂ ਦੀ ਪ੍ਰਸੰਸਾ ਹੋ ਰਹੀ ਹੈ। ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀ ਇਹ ਕਿਹਾ ਹੈ ਕਿ ਹਰ ਸ਼ਹਿਰ ਵਿਚ ਗੁਰਦੁਆਰਾ ਹੋਣਾ ਚਾਹੀਦਾ ਹੈ ਤਾਂ ਕਿ ਕੋਈ ਇਨਸਾਨ ਭੁੱਖਾ ਨਾਂ ਰਹਿ ਸਕੇ। ਸੰਸਾਰ ਦੇ ਵੱਖ ਵੱਖ ਦੇਸਾਂ ਵਿਚ ਜਿਹੜੇ ਵਿਦਿਆਰਥੀ ਪੜ੍ਹਾਈ ਲਈ ਗਏ ਹੋਏ ਹਨ, ਉਹ ਘਰਾਂ ਵਿਚ ਹੀ ਬੰਦ ਹਨ। ਉਨ੍ਹਾਂ ਕੋਲ ਖ਼ਰਚੇ ਵੀ ਨਹੀਂ ਹਨ, ਸਿੱਖ ਗੁਰਦੁਆਰਿਆਂ ਵਿਚ ਲੰਗਰ ਤਿਆਰ ਕਰਕੇ ਅਤੇ ਕਈ ਸਿੱਖ ਨਿੱਜੀ ਤੌਰ ਤੇ ਉਨ੍ਹਾਂ ਨੂੰ ਘਰੋ ਘਰੀ ਹਰ ਰੋਜ ਖਾਣਾ ਪਹੁੰਚਾ ਰਹੇ ਹਨ। ਇਸ ਤੋਂ ਇਲਾਵਾ ਹੋਰ ਜਿਹੜੇ ਉਥੋਂ ਦੇ ਵਸਨੀਕ ਵੀ ਲੋੜਮੰਦ ਹਨ, ਉਨ੍ਹਾਂ ਨੂੰ ਵੀ ਖਾਣਾ ਦਿੱਤਾ ਜਾ ਰਿਹਾ ਹੈ। ਕੈਨੇਡਾ ਵਿਚ ਤਾਂ ਜਸਟਿਨ ਟਰੂਡੋ ਕਈ ਵਾਰ ਸਿੱਖ ਧਰਮ ਦੀ ਪ੍ਰਸੰਸਾ ਕਰ ਚੁੱਕਾ ਹੈ। ਅਮਰੀਕਾ ਵਿਚ ਲੰਗਰ ਤਕਸੀਮ ਕਰਨ ਕਰਕੇ ਕੈਲੇਫੋਰਨੀਆਂ ਵਿਚ ਰਿਵਰਸਾਈਡ ਗੁਰਦੁਆਰਾ ਸਾਹਿਬ ਨੂੰ ਉਥੋਂ ਦੀ ਪੁਲਿਸ ਨੇ ਸਲਾਮੀ ਦਿੱਤੀ ਹੈ, ਜਿਸਦੀ ਸੰਸਾਰ ਵਿਚ ਚਰਚਾ ਹੋ ਰਹੀ ਹੈ। ਮੈਸਾਚੂਸੈਸ ਸਟੇਟ ਦੇ ਹੈਲੀਓਕ ਸ਼ਹਿਰ ਵਿਚ ਵਿਸਾਖੀ ਵਾਲੇ ਦਿਨ ਅਮਰੀਕਾ ਦੇ ਝੰਡੇ ਨਾਲ ਸਿੱਖ ਪੰਥ ਦਾ ਖਾਲਸਾ ਨਿਸ਼ਨ ਵਾਲਾ ਕੇਸਰੀ ਝੰਡਾ ਝੁਲਾਇਆ ਗਿਆ, ਜਿਹੜਾ ਇਕ ਮਹੀਨਾ ਝੁਲਦਾ ਰਹੇਗਾ। ਵਾਸ਼ਿੰਗਟਨ ਸਟੇਟ ਵਿਚ ਮਿਡਲ ਸਕੂਲ ਦੀਆਂ ਪੁਸਤਕਾਂ ਵਿਚ ਸਿੱਖ ਧਰਮ ਦੀ ਜਾਣਕਾਰੀ ਪਾਉਣ ਲਈ ਕਾਨੂੰਨ ਪਾਸ ਕੀਤਾ ਗਿਆ ਹੈ। ਕੈਨੇਡਾ ਦੇ ਐਲਬਰਟਾ ਰਾਜ ਸਿੱਖ ਯੂਥ ਐਡਮਿੰਟਨ ਲਗਾਤਾਰ ਵੱਖ ਵੱਖ ਦਾਨੀਆਂ ਵੱਲੋਂ ਤਿਆਰ ਕੀਤਾ ਲੰਗਰ ਐਡਮਿੰਟਨ ਵਿਚ ਵੰਡ ਰਹੇ ਹਨ। ਇਹ ਜਾਣਕਾਰੀ ਗੁਲਜ਼ਾਰ ਸਿੰਘ ਨਿਰਮਾਣ ਨੇ ਫੇਸ ਬੁੱਕ ਤੇ ਦਿੰਦਿਆਂ ਦੱਸਿਆ ਕਿ ਗੁਰੂ ਘਰਾਂ ਵਿਚੋਂ ਲੰਗਰ ਤਿਆਰ ਕਰਕੇ ਵੀ ਲੋੜਮੰਦਾਂ ਨੂੰ ਵੰਡਿਆ ਜਾ ਰਿਹਾ ਹੈ। ਐਲਬਰਟਾ ਦੀ ਸਮਾਜ ਭਲਾਈ ਮੰਤਰੀ ਰਾਜਨ ਸਾਹਨੀ ਨੇ ਸਿੱਖ ਯੂਥ ਐਡਮਿੰਟਨ ਨੂੰ ਸਨਮਾਨਤ ਕੀਤਾ।

ਭਾਰਤ ਵਿਚ ਵੀ ਸਿੱਖ ਲਗਪਗ ਹਰ ਸ਼ਹਿਰ ਵਿਚ ਲੰਗਰ ਲਗਾਕੇ ਖਾਣਾ ਦੇ ਰਹੇ ਹਨ। ਮੁੰਬਈ ਅਤੇ ਦਿੱਲੀ ਵਰਗੇ ਵੱਡੇ ਸ਼ਹਿਰਾਂ ਵਿਚ ਤਾਂ ਹਰ ਰੋਜ ਇੱਕ-ਇੱਕ ਲੱਖ ਲੋਕਾਂ ਨੂੰ ਖਾਣਾ ਦਿੱਤਾ ਜਾ ਰਿਹਾ ਹੈ। ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੀ ਹਰ ਰੋਜ ਲੱਖਾਂ ਲੋਕਾਂ ਨੂੰ ਆਪਣੇ ਸਾਰੇ ਗੁਰਦੁਅਰਿਆਂ ਰਾਹੀਂ ਲੰਗਰ ਪਹੁੰਚਾ ਰਹੀ ਹੈ। ਦਿੱਲੀ ਸਥਿਤ ਹੋਰ ਗੁਰ-ਦੁਆਰਾ ਸਾਹਿਬਾਨ ਤੋਂ ਇਲਾਵਾ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਕੱਲੀ ਹਰ ਰੋਜ ਇੱਕ ਲੱਖ ਤੋਂ ਵੱਧ ਲੋਕਾਂ ਨੂੰ ਖਾਣਾ ਖੁਆ ਰਹੀ ਹੈ। ਇਸ ਲਈ ਦਿੱਲੀ ਪੁਲਿਸ ਨੇ ਗੁਰ-ਦੁਆਰਾ ਬੰਗਲਾ ਸਾਹਿਬ ਦੀ ਆਪਣੀਆਂ ਗੱਡੀਆਂ ਵਿਚ ਆ ਕੇ ਪਰਕਰਮਾ ਕੀਤੀ ਅਤੇ ਸਲਾਮੀ ਦਿੱਤੀ। ਇੰਜ ਉਨ੍ਹਾਂ ਅਮਰੀਕਾ ਤੋਂ ਸਲਾਮੀ ਦੇਣ ਤੋਂ ਬਾਅਦ ਕੀਤਾ ਹੈ। ਇਹ ਉਹੀ ਦਿੱਲੀ ਪੁਲਿਸ ਹੈ ਜਿਸਨੇ 1984 ਵਿਚ ਸਿੱਖਾਂ ਦੀ ਹੋ ਰਹੀ ਨਸਲਕੁਸ਼ੀ ਨੂੰ ਰੋਕਣ ਵਿਚ ਕੋਈ ਕਾਰਵਾਈ ਨਹੀਂ ਕੀਤੀ ਸੀ, ਸਗੋਂ ਬਾਅਦ ਵਿਚ ਵੀ ਕਿਸੇ ਕੇਸ ਦੀ ਪੈਰਵਾਈ ਨਹੀਂ ਕੀਤੀ। ਹਾਲਾਂ ਕਿ ਸਿੱਖਾਂ ਦਾ ਅਕਸ ਪਹਿਲਾਂ ਵੀ ਇਕ ਮਨੁਖੀ ਅਧਿਕਾਰਾਂ ਦੇ ਰਖਵਾਲੇ ਅਤੇ ਰੱਖਿਅਕ ਦੇ ਤੌਰ ਜਾਣਿਆਂ ਜਾਂਦਾ ਸੀ। ਯੂ ਐਨ ਓ ਨੇ ਵੀ ਵਿਸਾਖੀ ਤੇ ਪਹਿਲੀ ਵਾਰ ਖਾਲਸੇ ਦੇ ਜਨਮ ਦਿਵਸ ਦੀ ਵਧਾਈ ਦਿੱਤੀ ਹੈ। ਭਾਰਤ ਦੇ ਪ੍ਰਧਾਨ ਮੰਤਰੀ ਨੇ ਵੀ ਪਹਿਲੀ ਵਾਰ ਸਿੱਖਾਂ ਵੱਲੋਂ ਔਖੇ ਸਮੇਂ ਲਾਕ ਡਾਊਨ ਦਰਮਿਆਨ ਲੰਗਰ ਵਰਤਾਉਣ ਦੀ ਪ੍ਰਸੰਸਾ ਕੀਤੀ। ਨਾਗਪੁਰ ਦੇ ਇੱਕ ਹੋਟਲ ਦੇ ਮਾਲਕ ਜਸਬੀਰ ਸਿੰਘ ਨੇ ਕਰੋਨਾ ਦੇ ਇਲਾਜ ਵਿਚ ਜੁਟੇ ਹੋਏ ਡਾਕਟਰਾਂ, ਨਰਸਾਂ ਅਤੇ ਪੈਰਾ ਮੈਡੀਕਲ ਸਟਾਫ ਦੀ ਸੇਵਾ ਵਿਚ ਆਪਣਾ 150 ਕਮਰਿਆਂ ਵਾਲਾ ਏਅਰ ਕੰਡੀਸ਼ਨ ਹੋਟਲ ਮੁਫਤ ਬਹਿਣ ਲਈ ਦੇ ਦਿੱਤਾ ਹੈ। ਉਨ੍ਹਾਂ ਸਾਰਿਆਂ ਨੂੰ ਖਾਣਾ ਵੀ ਦਿੱਤਾ ਜਾਵੇਗਾ ਅਤੇ ਹਸਪਤਾਲਾਂ ਵਿੱਚ ਛੱਡਣ ਅਤੇ ਲੈ ਕੇ ਆਉਣ ਦਾ ਪ੍ਰਬੰਧ ਵੀ ਕੀਤਾ ਜਾਵੇਗਾ। ਪ੍ਰੰਤੂ ਦੁੱਖ ਦੀ ਗੱਲ ਹੈ ਕਿ ਸਿੱਖਾਂ ਦੀ ਸੇਵਾ ਦਾ ਮੁੱਲ ਨਹੀਂ ਪਾਇਆ ਜਾ ਰਿਹਾ ਸਗੋਂ ਮੀਡੀਆ ਹਜ਼ੂਰ ਸਾਹਿਬ ਤੋਂ ਆਏ ਸ਼ਰਧਾਲੂਆਂ ਨੂੰ ਬਦਨਾਮ ਕਰ ਰਿਹਾ ਹੈ। ਸਿਆਸੀ ਲੋਕ ਅਜਿਹੇ ਦੁੱਖਦਾਈ ਸਮੇਂ ਵੀ ਸਿਆ-ਸਤ ਕਰਨ ਲੱਗੇ ਹੋਏ ਹਨ। ਪਾਲ ਸਿੰਘ ਕੈਲੇਫੋਰਨੀਆਂ ਨੇ ਕਿਹਾ ਹੈ ਕਿ ਹਜ਼ੂਰ ਸਾਹਿਬ ਤੋਂ ਜਿਹੜੇ ਸ਼ਰਧਾਲੂ ਵਾਪਸ ਪੰਜਾਬ ਆਏ ਹਨ, ਉਨ੍ਹਾਂ ਦੇ ਏਕਾਂਤਵਾਸ ਅਤੇ ਇਲਾਜ ਦਾ ਸਾਰਾ ਖ਼ਰਚਾ ਉਹ ਕਰੇਗਾ, ਭਾਵੇਂ ਉਨ੍ਹਾਂ ਨੂੰ ਹੋਟਲਾਂ ਵਿਚ ਰੱਖਿਆ ਜਾਵੇ, ਉਨ੍ਹਾਂ ਦਾ ਕਿਰਾਇਆ ਵੀ ਉਹ ਦੇਵੇਗਾ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ੁਰੂ ਕੀਤੀ ਪਰੰਪਰਾ ਤੇ ਪਹਿਰਾ ਦਿੰਦੇ ਹੋਏ ਸਿੱਖ ਦਸਵੰਦ ਕਢਕੇ ਸੇਵਾ ਕਰਨ ਨੂੰ ਬਰਕਰਾਰ ਰੱਖ ਰਹੇ ਹਨ। ਭਾਈ ਬਲਦੇਵ ਸਿੰਘ ਪਠਲਾਵਾਂ ਨੂੰ ਹੋਲਾ ਮਹੱਲਾ ਵਿਚ ਕਰੋਨਾ ਫੈਲਾਉਣ ਲਈ ਬਦਨਾਮ ਕੀਤਾ ਗਿਆ। ਨਿਜ਼ਾਮੂਦੀਨ ਵਿਖੇ ਤਬਲੀਗੀ ਜਮਾਤ ਵੱਲੋਂ ਕੀਤੇ ਗਏ ਧਾਰਮਿਕ ਸਮਾਗਮ ਨੂੰ ਵੀ ਧਰਮ ਨਾਲ ਜੋੜਕੇ ਬਦਨਾਮ ਕੀਤਾ ਜਾ ਰਿਹਾ ਹੈ। ਕੁਝ ਮੀਡੀਆ ਗਰੁਪ ਅਤੇ ਸਰਕਾਰਾਂ ਘੱਟ ਗਿਣਤੀਆਂ ਨੂੰ ਬਦਨਾਮ ਕਰ ਰਹੇ ਹਨ। ਪੰਜਾਬ ਦੇ ਮਾੜੇ ਦਿਨਾ ਵਿਚ ਸਿੱਖਾਂ ਨੂੰ ਅਤਵਾਦੀ ਕਿਹਾ ਗਿਆ। ਜਿਨ੍ਹਾਂ ਸਿੱਖਾਂ ਦੀ ਪ੍ਰਸੰਸਾ ਵੀ ਕੀਤੀ ਹੈ ਉਹ ਵਕਤੀ ਹੀ ਹੈ। ਉਨ੍ਹਾਂ ਸਿੱਖਾਂ ਦੇ ਯੋਗਦਾਨ ਨੂੰ ਫਿਰ ਭੁੱਲ ਜਾਣਾ ਹੈ। ਭਾਵੇਂ ਕੋਈ ਕਿਤਨੀ ਵੀ ਨੁਕਤਾਚੀਨੀ ਕਰੀ ਜਾਵੇ ਪ੍ਰੰਤੂ ਸਿੱਖ ਜਗਤ ਆਪਣੇ ਗੁਰੂਆਂ ਦੀ ਵਿਚਾਰਧਾਰਾ ਤੋਂ ਬੇਮੁੱਖ ਨਹੀਂ ਹੋਵ-ੇਗਾ। ਭੁੱਖਿਆਂ ਅਤੇ ਲੋੜਮੰਦਾਂ ਦੀ ਸੇਵਾ ਇਸੇ ਤਰ੍ਹਾਂ ਹੁੰਦੀ ਰਹੇਗੀ।

# ਅਧਿਆਪਕ ਦੀਆਂ ਝਿੜਕਾਂ ਤੇ ਮਾਂ ਦੇ ਹੰਝੂਆਂ ਦਾ ਅਸਰ

-ਲੋਕੇਸ਼ ਭਾਰਦਵਾਜ-

ਜਦੋਂ ਮੈਂ ਬਾਰ੍ਹਵੀਂ ਜਮਾਤ ਵਿੱਚ ਪੜ੍ਹਦਾ ਸੀ ਤਾਂ ਉਦੋਂ ਮੇਰੇ ਲਈ ਇਹ ਜਮਾਤ ਪਾਸ ਕਰਨੀ ਬਹੁਤ ਮੁਸ਼ਕਿਲ ਗੱਲ ਸੀ, ਕਿਉਂਕਿ ਮੈਂ ਪੜ੍ਹਾਈ ਵੱਲ ਬਿਲਕੁਲ ਧਿਆਨ ਨਹੀਂ ਸੀ ਦਿੰਦਾ। ਮੇਰੇ ਇਕ ਅਧਿਆਪਕ ਮੈਨੂੰ ਪੜ੍ਹਨ ਸਬੰਧੀ ਅਕਸਰ ਝਿੜਕਦਾ ਰਹਿੰਦਾ ਸੀ, ਪਰ ਉਦੋਂ ਮੈਂ ਉਨ੍ਹਾਂ ਦੀਆਂ ਗੱਲਾਂ ਦਾ ਧਿਆਨ ਨਹੀਂ ਦਿੰਦਾ ਸੀ। ਮੈਂ ਇਕ ਇਹੋ ਜਿਹਾ ਵਿਦਿਆਰਥੀ ਸੀ, ਜੋ ਹਰ ਸਮੇਂ ਕਿਸੇ ਸ਼ਰਾਰਤ ਬਾਰੇ ਸੋਚਦਾ ਰਹਿੰਦਾ। ਇਸ ਕਰਕੇ ਮੇਰੇ ਲਈ 12ਵੀਂ ਦੀ ਪ੍ਰੀਖਿਆ ਨੂੰ ਪਾਸ ਕਰਨਾ ਅਸੰਭਵ ਬਣ ਗਿਆ ਸੀ। ਮੇਰੇ ਅਧਿਆਪਕ ਅਕਸਰ ਹੀ ਮੈਨੂੰ ਜਮਾਤ ਵਿੱਚੋਂ ਬਾਹਰ ਕੱਢ ਦਿੰਦੇ ਸਨ, ਪਰ ਮੈਂ ਕਦੇ ਉਨ੍ਹਾਂ ਦੀ ਇਸ ਗੱਲ ਦਾ ਬੁਰਾ ਨਹੀਂ ਸੀ ਮਨਾਇਆ। ਮੇਰੇ ਲਈ ਇਹ ਆਮ ਜਿਹੀ ਗੱਲ ਹੋ ਗਈ ਸੀ, ਜਿਸ ਨੂੰ ਮੈਂ ਕਦੇ ਵੀ ਆਪਣੇ ਉਤੇ ਭਾਰੂ ਨਾ ਹੋਣ ਦਿੱਤਾ। ਮੇਰੇ ਸਹਿਪਾਠੀ ਕੁਝ ਇਸ ਤਰ੍ਹਾਂ ਦੇ ਮਜ਼ਾਕੀਆ ਸੁਭਾਅ ਦੇ ਸਨ ਕਿ ਜੇ ਮੈਂ ਕਦੇ ਕਿਸੇ ਅਧਿਆਪਕ ਦੀ ਝਿੜਕ ਸੁਣ ਕੇ ਉਦਾਸ ਵੀ ਹੁੰਦਾ ਤਾਂ ਉਹ ਮੈਨੂੰ ਗੱਲ ਦਿਲ 'ਤੇ ਨਾ ਲੈਣ ਦਿੰਦੇ। ਇਸ ਤਰ੍ਹਾਂ ਸਮਾਂ ਲੰਘਦਾ ਗਿਆ ਤੇ ਆਖਰ ਛਿਮਾਹੀ ਪ੍ਰੀਖਿਆ ਦਾ ਸਮਾਂ ਆ ਗਿਆ। ਮੈਨੂੰ ਉਸ ਸਮੇਂ ਅਜਿਹਾ ਲੱਗ ਰਿਹਾ ਸੀ ਕਿ ਮੈਂ ਬਹੁਤ ਵੱਡੀ ਮੁਸੀਬਤ ਵਿੱਚ ਹਾਂ, ਪਰ ਮੈਂ ਔਖੇ ਸੌਖੇ ਹੋ ਕੇ ਸਮਾਂ ਕੱਢਿਆ। ਮੈਂ ਉਸ ਪ੍ਰੀਖਿਆ ਦੇ ਨਤੀਜੇ ਕੋਲੋਂ ਬਹੁਤ ਡਰ ਰਿਹਾ ਸੀ। ਜਦੋਂ ਪ੍ਰੀਖਿਆ ਦਾ ਨਤੀਜਾ ਆਇਆ ਤੇ ਮੈਂ ਉਸ ਅਧਿਆਪਕ ਦੇ ਵਿਸ਼ੇ ਵਿੱਚੋਂ ਫੇਲ੍ਹ ਹੋ ਗਿਆ ਜੋ ਮੈਨੂੰ ਹਰ ਸਮੇਂ ਪੜ੍ਹਾਈ ਵੱਲ ਧਿਆਨ ਦੇਣ ਲਈ ਟੋਕਦਾ ਰਹਿੰਦਾ ਸੀ, ਪਰ ਮੈਂ ਫਿਰ ਵੀ ਉਸ ਵਿਸ਼ੇ ਵੱਲ ਧਿਆਨ ਨਹੀਂ ਦਿੱਤਾ।

ਇਕ ਵਾਰ ਅਸੀਂ ਕੰਟੀਨ ਤੋਂ ਬਾਹਰ ਵੱਲ ਆ ਰਹੇ ਸੀ ਤਾਂ ਮੇਰੇ ਵੱਲ ਉਹ ਅਧਿਆਪਕ ਅਜੀਬ ਜਿਹੀ ਨਜ਼ਰ ਨਾਲ ਵੇਖ ਰਿਹਾ ਸੀ। ਮੈਂ ਹੱਸਦਾ ਹੋਇਆ ਬਾਹਰ ਵੱਲ ਨੂੰ ਆ ਰਿਹਾ ਸੀ। ਜਦੋਂ ਮੈਂ ਉਸ ਦੀਆਂ ਅੱਖਾਂ ਵਿੱਚ ਤੱਕਣ ਦੀ ਕੋਸ਼ਿਸ਼ ਕੀਤੀ ਤਾਂ ਮੈਨੂੰ ਇੰਜ ਜਾਪਿ-ਪਆ ਕਿ ਜਿਵੇਂ ਮੈਂ ਕੋਈ ਬਹੁਤ ਵੱਡੀ ਗਲਤੀ ਕਰ ਦਿੱਤੀ ਹੋਵੇ ਤੇ ਉਹ ਮੈਨੂੰ ਬਹੁਤ ਜ਼ਿਆਦਾ ਝਿੜਕਣਾ ਚਾਹੁੰਦੇ ਹਨ। ਉਨ੍ਹਾਂ ਦਾ ਪੀਰੀਅਡ ਸਾਡੀ ਜਮਾਤ ਵਿੱਚ ਅੱਧੀ ਛੁੱਟੀ ਤੋਂ ਬਾਅਦ ਸੀ। ਮੈਂ ਕੰਟੀਨ ਵਿੱਚੋਂ ਨਿਕਲ ਕੇ ਜਮਾਤ ਵਿੱਚ ਉਨ੍ਹਾਂ ਤੋਂ ਪਹਿਲਾਂ ਪਹੁੰਚ ਗਿਆ। ਜਿਉਂ ਹੀ ਉਹ ਸਾਡੀ ਜਮਾਤ ਵਿੱਚ ਦਾਖਲ ਹੋਏ ਤਾਂ ਬੁਲੰਦ ਜਿਹੀ ਆਵਾਜ਼ ਵਿੱਚ ਬੋਲੇ, 'ਮੈਂ ਤੁਹਾਨੂੰ ਘਰੋਂ ਕੰਮ ਕਰਨ ਲਈ ਦਿੱਤਾ ਸੀ। ਕੀ ਤੁਸੀਂ ਉਹ ਕੰਮ ਕਰਕੇ ਆਏ ਹੋ?' ਇਹ ਗੱਲ ਸੁਣ ਕੇ ਮੇਰੇ ਦਿਲ ਦੀ ਧੜਕਣ ਵਧ ਗਈ। ਮੈਂ ਇਕ ਬੁਰਾ ਖਿਆਲ ਸੋਚ ਰਿਹਾ ਸੀ ਕਿ ਅਧਿਆਪਕ ਨੇ ਮੇਰੇ ਵੱਲ ਇਸ਼ਾਰਾ ਕਰਕੇ ਉਨ੍ਹਾਂ ਕਿਹਾ, 'ਹਾਂ ਬਈ ਮੁੰਡਿਆ! ਆ ਤੇਰਾ ਕੰਮ ਵੇਖੀਏ ਅੱਜ ਸਭ ਤੋਂ ਪਹਿਲਾਂ।' ਉਨ੍ਹਾਂ ਦੀ ਗੱਲ ਸੁਣ ਕੇ ਮੈਂ ਨੀਵੀਂ ਪਾ ਕੇ ਹੌਲੀ ਜਿਹੀ ਆਵਾਜ਼ ਵਿੱਚ ਆਖਿਆ ਕਿ ਮੈਂ ਕਾਪੀ ਘਰ ਭੁੱਲ ਆਇਆ ਹਾਂ। ਇਹ ਮੇਰਾ ਤਕੀਆ ਕਲਾਮ ਸੀ। ਉਨ੍ਹਾਂ ਨੇ ਮੇਰੇ ਵੱਲ ਵੇਖਦਿਆਂ ਮੈਨੂੰ ਬੈਠਣ ਲਈ ਕਹਿ ਦਿੱਤਾ। ਉਨ੍ਹਾਂ ਦੇ ਇਸ ਰੁਖ ਨੇ ਮੈਨੂੰ ਬਹੁਤ ਹੈਰਾਨ ਕੀਤਾ। ਸਮਾਂ ਬੀਤਦਾ ਗਿਆ ਤੇ ਸਕੂਲ ਤੋਂ ਛੁੱਟੀ ਹੋ ਗਈ ਤੇ ਮੈਂ ਖੁਸ਼ ਹੋ ਕੇ ਘਰ ਵੱਲ ਨੂੰ ਚੱਲ ਪਿਆ।

ਅਗਲੇ ਦਿਨ ਜਦੋਂ ਉਨ੍ਹਾਂ ਦੇ ਪੀਰੀਅਡ ਦਾ ਸਮਾਂ ਆਇਆ ਤਾਂ ਸਾਨੂੰ ਕਲਾਸ ਸ਼ੁਰੂ ਹੋਣ ਤੋਂ ਪਹਿਲਾਂ ਪਤਾ ਲੱਗ ਗਿਆ ਕਿ ਉਸ ਦਿਨ ਉਹ ਸਾਡਾ ਪੀਰੀਅਡ ਨਹੀਂ ਲੈਣਗੇ। ਮੈਨੂੰ ਇਸ ਦੀ ਖੁਸ਼ੀ ਹੋਈ ਤੇ ਮੈਂ ਕੁਝ ਗੁਣਗੁਣਾਉਂਦਾ ਹੋਇਆ ਸਕੂਲ ਦੇ ਖੇਡ ਦੇ ਮੈਦਾਨ ਵੱਲ ਚੱਲ ਪਿਆ। ਰਸਤੇ ਵਿੱਚ ਸਕੂਲ ਦੇ ਚਪੜਾਸੀ ਨੇ ਕਿਹਾ ਕਿ ਮੈਨੂੰ ਮਾਸਟਰ ਜੀ ਨੇ ਆਪਣੇ ਕਮਰੇ ਵਿੱਚ ਬੁਲਾਇਆ ਹੈ। ਮੈਂ ਬੇਫਿਕਰ ਜਿਹਾ ਹੋ ਕੇ ਉਨ੍ਹਾਂ ਦੇ ਕਮਰੇ ਵੱਲ ਵਧਿਆ ਤੇ ਜਦੋਂ ਮੈਂ ਕਮਰੇ ਦੇ ਦਰਵਾਜ਼ੇ ਕੋਲ ਪਹੁੰਚਿਆ ਤਾਂ ਦੇਖਿਆ ਕਿ ਅੰਦਰ ਮਾਸਟਰ ਜੀ ਨਾਲ ਮੇਰੇ ਮਾਤਾ ਜੀ ਬੈਠੇ ਹਨ। ਉਸ ਸਮੇਂ ਮਾਤਾ ਜੀ ਨੂੰ ਵੇਖ ਕੇ ਇੰਜ ਪ੍ਰਤੀਤ ਹੋ ਰਿਹਾ ਸੀ ਜਿਵੇਂ ਉਹ ਬਹੁਤ ਦੁਖੀ ਹੋਣ। ਮੈਂ ਕਮਰੇ ਵਿੱਚ ਦਾਖਲ ਹੋ ਗਿਆ ਤੇ ਆਪਣੇ ਮਾਤਾ ਜੀ ਨੂੰ ਪੁੱਛਿਆ ਕਿ ਉਹ ਇੰਨੇ ਉਦਾਸ ਕਿਉਂ ਹਨ। ਸਭ ਠੀਕ ਤਾਂ ਹੈ? ਮੈਂ ਹਾਲੇ ਬੋਲ ਹੀ ਰਿਹਾ ਸਾਂ ਕਿ ਮਾਸਟਰ ਜੀ ਨੇ ਮੈਨੂੰ ਉਚੀ-ਉਚੀ ਝਿੜਕਣਾ ਸ਼ੁਰੂ ਕਰ ਦਿੱਤਾ।

ਉਸ ਸਮੇਂ ਮੈਨੂੰ ਇਵੇਂ ਲੱਗ ਰਿਹਾ ਸੀ ਜਿਵੇਂ ਉਨ੍ਹਾਂ ਦਾ ਗੁੱਸਾ ਅੱਗ ਬਣ ਕੇ ਮੇਰੇ ਉਤੇ ਵਰ੍ਹ ਰਿਹਾ ਹੋਵੇ। ਉਸ ਸਮੇਂ ਮੇਰੇ ਮਾਤਾ ਜੀ ਦੀਆਂ ਅੱਖਾਂ ਹੰਝੂਆਂ ਨਾਲ ਭਰੀਆਂ ਹੋਈਆਂ ਸਨ। ਉਨ੍ਹਾਂ ਹੰਝੂਆਂ ਨੂੰ ਵੇਖ ਕੇ ਮੈਂ ਤਹੱਈਆ ਕਰ ਲਿਆ ਕਿ ਮੈਂ ਭਵਿੱਖ ਵਿੱਚ ਉਨ੍ਹਾਂ ਨੂੰ ਅਜਿਹੀ ਨਮੋਸ਼ੀ ਵਿੱਚੋਂ ਨਹੀਂ ਗੁਜ਼ਰਨ ਦਿਆਂਗਾ। ਇਸ ਤਹੱਈਏ ਸਦਕਾ ਹੀ ਮੈਂ ਬਾਰ੍ਹਵੀਂ ਜਮਾਤ ਪਾਸ ਕਰ ਗਿਆ। ਮਾਂ ਦੇ ਹੰਝੂਆਂ ਅਤੇ ਅਧਿਆਪਕ ਦੀਆਂ ਝਿੜਕਾਂ ਦੀ ਯਾਦ ਅਗਲੇ ਸਾਲਾਂ ਦੌਰਾਨ ਵੀ ਮਿਹਨਤ ਕਰਨ ਲਈ ਸੇਧਗਾਰ ਬਣਦੀ ਰਹੀ।

# ਭਾਰਤ ਵੱਲੋਂ ਉੱਜ ਦਰਿਆ ਦਾ ਪਾਣੀ ਪਾਕਿਸਤਾਨ ਨੂੰ ਨਾ ਦੇਣ ਦਾ ਫੈਸਲਾ

ਜੰਮੂ, 17 ਮਈ, (ਪੋਸਟ ਬਿਊਰੋ)- ਭਾਰਤ ਸਰਕਾਰ ਵੱਲੋਂ ਜੰਮੂ ਕਸ਼ਮੀਰ ਵਿੱਚ ਉੱਜ ਮਲਟੀਪਰਪਸ ਪ੍ਰਾਜੈਕਟ ਦੇ ਛੇਤੀ ਸ਼ੁਰੂ ਹੋਣ ਦੀ ਆਸ ਜਤਾਈ ਗਈ ਹੈ ਅਤੇ ਇਸ ਨਾਲ ਪਾਕਿਸਤਾਨ ਨੂੰ ਜਾਂਦਾ ਪਾਣੀ ਬੰਦ ਹੋ ਜਾਵੇਗਾ। ਇਸ ਪ੍ਰਾਜੈਕਟ ਦੀ ਸੋਧੀ ਹੋਈ ਰਿਪੋਰਟ ਮੁਤਾਬਕ ਪਾਕਿਸਤਾਨ ਨੂੰ ਜਾਂਦੇ ਪਾਣੀ ਉੱਤੇ ਰੋਕ ਲੱਗ ਜਾਵੇਗੀ ਅਤੇ ਇਹ ਪਾਣੀ ਜੰਮੂ ਕਸ਼ਮੀਰ ਦੇ ਖੇਤਾਂ ਦੀ ਸਿੰਜਾਈ ਲਈ ਵਰਤਣ ਦੀ ਯੋਜਨਾ ਸਿਰੇ ਚਾੜ੍ਹੀ ਜਾਵੇਗੀ। ਇਸ ਸੰਬੰਧ ਵਿੱਚ ਭਾਰਤ ਦੀ ਕੇਂਦਰੀ ਸਲਾਹਕਾਰ ਕਮੇਟੀ ਨੇ ਇਸ ਮਲਟੀਪਰਪਜ਼ ਡ੍ਰੀਮ ਪ੍ਰਾਜੈਕਟ ਦੀ ਸੋਧ ਰਿਪੋਰਟ ਨੂੰ ਕੱਲ੍ਹ ਮਨਜ਼ੂਰ ਕਰ ਲਿਆ ਹੈ। ਇਸ ਪ੍ਰਾਜੈਕਟ ਦੀ ਉਸਾਰੀ ਕਰਨ ਉੱਤੇ ਕੁੱਲ 9,167 ਕਰੋੜ ਰੁਪਏ ਲਾਗਤ ਆਵੇਗੀ।



ਵਰਨਣ ਯੋਗ ਹੈ ਕਿ ਇਹ ਪ੍ਰਾਜੈਕਟ ਪਿਛਲੇ ਕਈ ਸਾਲਾਂ ਤੋਂ ਪੈਂਡਿੰਗ ਸੀ ਅਤੇ ਜਲ ਸਰੋਤ ਤੇ ਨਦੀਆਂ ਦੇ ਵਿਕਾਸ ਬਾਰੇ ਵਿਭਾਗ ਦੇ ਕੇਂਦਰੀ ਸੈਕਟਰੀ ਯੂ ਪੀ ਸਿੰਘ ਦੀ ਅਗਵਾਈ ਵਿਚ ਕੱਲ੍ਹ ਹੋਈ ਬੈਠਕ ਵਿਚ ਇਸ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ। ਇਸ ਪ੍ਰਾਜੈਕਟ ਵਿਚ ਨਵੀਂ ਨਹਿਰ ਬਣਾ ਕੇ 7,044 ਹੈਕਟੇਅਰ ਭੂਮੀ ਦੀ ਸਿੰਜਾਈ ਕੀਤੇ ਜਾਣ ਦੀ ਤਜਵੀਜ਼ ਹੈ, ਜਿਸ ਨਾਲ ਜੰਮੂ-ਕਸ਼ਮੀਰ ਦੇ ਸਾਂਬਾ ਜ਼ਿਲੇ ਦੇ 121 ਪਿੰਡਾਂ ਦੀ ਸਿੰਜਾਈ ਕੀਤੀ ਜਾਵੇਗੀ ਤੇ ਇਸ ਨਹਿਰ ਨਾਲ ਸਾਂਬਾ ਜ਼ਿਲੇ ਦੇ ਲੋਕਾਂ ਨੂੰ ਪੀਣ ਦਾ ਪਾਣੀ ਤੇ ਉਦਯੋਗਾਂ ਨੂੰ ਵੀ ਪਾਣੀ ਮਿਲੇਗਾ। ਇਸ ਨਵੀਂ ਨਹਿਰ ਤੋਂ ਤਵੀ ਕਮਾਂਡ ਦੇ 12,569 ਹੈਕਟੇਅਰ ਭੂਮੀ ਨੂੰ ਪਾਣੀ ਦੇਣ ਦਾ ਵਿਚਾਰ ਵੀ ਹੈ। ਹਾਲੇ ਤੱਕ ਏਥੇ ਲਿਫਟ ਨਾਲ ਪਾਣੀ ਦਿੱਤਾ ਜਾਂਦਾ ਹੈ।

ਉੱਜ ਦਰਿਆ ਦਾ ਇਹ ਮਲਟੀਪਰਪਜ਼ ਪ੍ਰਾਜੈਕਟ ਸਾਲ 2008 ਵਿਚ ਨੈਸ਼ਨਲ ਪ੍ਰਾਜੈਕਟ ਐਲਾਨ ਕੀਤਾ ਗਿਆ ਸੀ। ਇਸ ਦੀ ਰਿਪੋਰਟ ਸ਼ੁਰੂ ਵਿਚ ਕੇਂਦਰੀ ਵਾਟਰ ਕਮਿਸ਼ਨ ਦੀ ਇੰਡਸ ਬੇਸਿਨ ਆਰਗੇਨਾਈਜ਼ੇਸ਼ਨ ਨੇ ਬਣਾਈ ਸੀ ਅਤੇ ਇਸ ਉੱਤੇ ਪਹਿਲੀ ਵਾਰ ਨਵੰਬਰ 2016 ਵਿਚ ਸਲਾਹਕਾਰ ਕਮੇਟੀ ਨੇ ਚਰਚਾ ਕੀਤੀ ਸੀ। ਇਸ ਨੂੰ ਮਨਜ਼ੂਰੀ ਦੇਣ ਵੇਲੇ ਖੇਤੀ ਯੋਗ 16,743 ਹੈਕਟੇਅਰ ਭੂਮੀ ਦੀ ਸਿੰਜਾਈ ਦੀ ਤਜਵੀਜ਼ ਸੀ। ਤਵੀ ਨਦੀ ਦਾ ਪਾਣੀ ਨਵੀਂ ਨਹਿਰ ਦੇ ਨਾਲ ਜੋੜਿਆ ਜਾਵੇਗਾ ਅਤੇ ਇਸ ਨਾਲ ਪਾਕਿਸਤਾਨ ਨੂੰ ਜਾਂਦਾ ਪਾਣੀ ਰੋਕ ਦਿੱਤਾ ਜਾਵੇਗਾ।

# ਕੇਂਦਰ ਸਰਕਾਰ ਵੱਲੋਂ ਰਾਜਾਂ ਨੂੰ ਪ੍ਰਵਾਸੀ ਮਜ਼ਦੂਰਾਂ ਦੇ ਪੈਦਲ ਜਾਣ ਨੂੰ ਰੋਕਣ ਦੀ ਅਪੀਲ

ਨਵੀਂ ਦਿੱਲੀ, 17 ਮਈ, (ਪੋਸਟ ਬਿਊਰੋ)- ਭਾਰਤ ਵਿਚ ਪ੍ਰਵਾਸੀ ਮਜ਼ਦੂਰਾਂ ਨਾਲ ਸੜਕ ਹਾਦਸਿਆਂ ਦੇ ਵਧਦੇ ਕੇਸਾਂ ਅਤੇ ਇਨ੍ਹਾਂ ਦੀ ਹਾਲਤ ਵੇਖਣ ਮਗਰੋਂ ਕੇਂਦਰ ਸਰਕਾਰ ਦੇ ਹੋਮ ਸੈਕਟਰੀ ਨੇ ਸਾਰੀਆਂ ਰਾਜ ਸਰਕਾਰਾਂ ਨੂੰ ਇਹ ਯਕੀਨੀ ਕਰਨ ਦੀ ਅਪੀਲ ਕੀਤੀ ਹੈ ਕਿ ਪ੍ਰਵਾਸੀ ਮਜ਼ਦੂਰਾਂ ਨੂੰ ਸੜਕਾਂ ਅਤੇ ਰੇਲਵੇ ਟਰੈਕ ਉੱਤੇ ਚੱਲਣ ਤੋਂ ਰੋਕਿਆ ਜਾਵੇ ਅਤੇ ਇਨ੍ਹਾਂ ਨੂੰ ਸਿਰਫ ਸਪੈਸ਼ਲ ਬੱਸਾਂ ਅਤੇ ਰੇਲ ਗੱਡੀਆਂ ਰਾਹੀਂ ਹੀ ਭੇਜਿਆ ਜਾਵੇ।

ਇਸ ਬਾਰੇ ਕੇਂਦਰੀ ਹੋਮ ਸੈਕਟਰੀ ਨੇ ਕਿਹਾ ਕਿ ਰਾਜ ਸਰਕਾਰਾਂ ਇਨ੍ਹਾਂ ਮਜ਼ਦੂਰਾਂ ਦੇ ਪੈਦਲ ਚੱਲਣ ਨੂੰ ਰੋਕਣ ਅਤੇ ਇਨ੍ਹਾਂ ਲਈ ਅਸਥਾਈ ਕੈਂਪ ਬਣਾ ਕੇ ਸਲਾਹ ਦੇਣ ਕਿ ਪੈਦਲ ਨਾ ਚੱਲਣ। ਉਨ੍ਹਾਂ ਕਿਹਾ ਕਿ ਮਜ਼ਦੂਰਾਂ ਲਈ ਵੱਧ ਤੋਂ ਵੱਧ ਬੱਸਾਂ ਲਾਈਆਂ ਜਾਣ ਤਾਂ ਜੋ ਇਨ੍ਹਾਂ ਨੂੰ ਏਦਾਂ ਨਾ ਚੱਲਣਾ ਪਵੇ। ਹੋਮ ਸੈਕਟਰੀ ਨੇ ਕਿਹਾ ਕਿ ਸਬੰਧਤ ਅਧਿਕਾਰੀ ਇਨ੍ਹਾਂ ਸਾਰੇ ਮਜ਼ਦੂਰਾਂ ਨਾਲ ਗੱਲ ਕਰ ਕੇ ਮਨਾਉਣ ਤੇ ਭਰੋਸਾ ਦੇਣ ਕਿ ਉਨ੍ਹਾਂ ਨੂੰ ਸੁਰੱਖਿਅਤ ਉਨ੍ਹਾਂ ਦੇ ਘਰ ਭੇਜਣ ਲਈ ਸਰਕਾਰ ਕੰਮ ਕਰ ਰਹੀ ਹੈ ਤੇ ਜਦੋਂ ਤਕ ਰੇਲ ਗੱਡੀ ਜਾਂ ਵਿਸ਼ੇਸ਼ ਬੱਸਾਂ ਵਿੱਚ ਜਾਣ ਦੀ ਵਾਰੀ ਨਹੀਂ ਆਉਂਦੀ, ਓਦੋਂ ਤਕ ਉਹ ਸਰਕਾਰ ਦੇ ਬਣਾਏ ਸ਼ੈਲਟਰ ਹੋਮ ਵਿੱਚ ਰਹਿਣ ਤੇ ਉਨ੍ਹਾਂ ਲਈ ਖਾਣਾ, ਪਾਣੀ ਦਾ ਪ੍ਰਬੰਧ ਵੀ ਕੀਤਾ ਜਾਵੇ। ਹੋਮ ਸੈਕਟਰੀ ਨੇ ਏਦਾਂ ਦੇ ਸੈਂਟਰਾਂ ਲਈ ਸਾਰੇ ਡਿਪਟੀ ਕਮਿਸ਼ਨਰਾਂ



ਨੂੰ ਆਦੇਸ਼ ਦਿੱਤੇ ਹਨ, ਕਿਉਂਕਿ ਹਾਈਵੇ ਅਤੇ ਰੇਲਵੇ ਟ੍ਰੈਕ ਨਾਲ ਚੱਲਦੇ ਮਜ਼ਦੂਰਾਂ ਨਾਲ ਕਈ ਹਾਦਸੇ ਹੋਏ ਤੇ ਕਈ ਲੋਕਾਂ ਦੀ ਮੌਤ ਹੋਈ ਹੈ। ਇਸ ਤੋਂ ਇਲਾਵਾ ਚੱਲਦੇ ਹੋਏ ਉਨ੍ਹਾਂ ਦੀ ਹਾਲਤ ਖ਼ਰਾਬ ਹੋਣ ਬਾਰੇ ਮੀਡੀਆ ਵਿੱਚ ਜਿੰਦਾਂ ਦੀਆਂ ਫੋਟੋਆਂ ਤੇ ਵੀਡੀਓਜ਼ ਦਿਖਾਏ ਜਾ ਰਹੇ ਹਨ, ਉਸ ਤੋਂ ਸਰਕਾਰ ਪਰੇਸ਼ਾਨ ਹੈ।

# ਕੋਹੜ ਦੀ ਦਵਾਈ ਮਾਈਕੋਬੈਕਟੀਰੀਅਮ ਡਬਲਯੂ ਨਾਲ ਪੂਰੇ ਠੀਕ ਹੋਏ ਕੋਵਿਡ-19 ਦੇ ਮਰੀਜ਼

ਭੋਪਾਲ, 17 ਮਈ (ਪੋਸਟ ਬਿਊਰੋ)- ਕੋਵਿਡ-19 ਨਾਲ ਲੜ ਰਹੇ ਡਾਕਟਰ ਅਤੇ ਵਿਗਿਆਨਕ ਅੱਜ ਤੱਕ ਕਈ ਰੋਗਾਂ ਦੇ ਲਈ ਵਰਤੀਆਂ ਜਾਣ ਵਾਲੀਆਂ ਦਵਾਈਆਂ ਅਤੇ ਵੈਕਸੀਨ ਨੂੰ ਇਸ ਦੇ ਇਲਾਜ ਵਿੱਚ ਵਰਤਣ ਦੇ ਟਰਾਇਲ ਕਰ ਰਹੇ ਹਨ ਅਤੇ ਕੁਝ ਟਰਾਇਲ ਆਸ ਵੀ ਜਗਾ ਰਹੇ ਹਨ।



ਇਹੋ ਜਿਹਾ ਇੱਕ ਕਲੀਨੀਕਲ ਟਰਾਇਲ ਬੀਤੇ ਦਿਨੀਂ ਆਲ ਇੰਡੀਆ ਮੈਡੀਕਲ ਇੰਸਟੀਚਿਊਟ (ਏਮਸ) ਭੋਪਾਲ ਵਿੱਚ ਕੋਹੜ ਰੋਗ ਦੀ ਦਵਾ ਮਾਈਕੋਬੈਕਟੀਰੀਅਮ ਡਬਲਯੂ (ਐੱਮ ਡਬਲਯੂ) ਉਤੇ ਹੋਇਆ ਅਤੇ ਇਸ ਦੇ ਚੰਗੇ ਨਤੀਜੇ ਆਏ ਹਨ। ਇਸ ਟਰਾਇਲ ਨਾਲ ਚਾਰ ਕੋਰੋਨਾ ਮਰੀਜ਼ਾਂ ਵਿੱਚੋਂ ਚਾਰੇ ਪੂਰੀ ਤਰ੍ਹਾਂ ਨਾਲ ਠੀਕ ਹੋ ਗਏ ਹਨ। ਇਨ੍ਹਾਂ ਮਰੀਜ਼ਾਂ ਨੂੰ ਹਸਪਤਾਲ ਤੋਂ ਛੁੱਟੀ ਵੀ ਦੇ ਦਿੱਤੀ ਗਈ ਹੈ। ਇਸ ਬਾਰੇ ਭੋਪਾਲ ਏਮਸ ਦੇ ਡਾਇਰੈਕਟਰ ਪ੍ਰੋਫੈਸਰ ਸਰਮਨ ਸਿੰਘ ਨੇ ਦੱਸਿਆ ਕਿ ਕਿਸੇ ਸਮੇਂ ਮਾਈਕੋਬੈਕਟੀਰੀਅਮ ਡਬਲਯੂ ਵੈਕਸੀਨ ਅਖਵਾਉਂਦੀ ਸੀ, ਪਰ ਅੱਜ ਕੱਲ੍ਹ ਦਵਾ ਅਖਵਾਉਂਦੀ ਹੈ। ਜੇ ਇਹ ਕਲੀਨੀਕਲ ਟਰਾਇਲ ਵਿੱਚ ਏਦਾਂ ਦੀ ਕਾਰਗਰ ਸਾਬਿਤ ਹੁੰਦੀ ਰਹੀ ਤਾਂ ਕੋਵਿਡ-19 ਦੇ ਲਈ ਦਵਾਈ ਬਣ ਜਾਏਗੀ। ਮਾਈਕ੍ਰੋਬੈਕਟੀਰੀਅਮ ਡਬਲਯੂ ਦੇ ਕੋਵਿਡ-19 ਦੇ ਗੰਭੀਰ ਮਰੀਜ਼ਾਂ 'ਤੇ ਕਲੀਨੀਕਲ ਟਰਾਇਲ ਦੇ ਲਈ ਡਰੱਗ ਕੰਟਰੋਲਰ ਆਫ ਇੰਡੀਆ ਤੋਂ ਸੀ ਐੱਸ ਆਈ ਆਰ ਨੂੰ ਮਨਜ਼ੂਰੀ ਮਿਲੀ ਸੀ, ਜਿਸ ਦੇ ਬਾਅਦ ਏਮਸ ਭੋਪਾਲ ਸਮੇਤ ਦੇਸ਼ ਦੇ ਤਿੰਨ ਹਸਪਤਾਲਾਂ ਵਿੱਚ ਇਸ ਦਾ ਕਲੀਨੀਕਲ ਟਰਾਇਲ ਹੋ ਰਿਹਾ ਹੈ। ਅਸਲ ਵਿੱਚ ਮਾਈਕੋਬੈਕਟੀਰੀਅਮ ਡਬਲਯੂ ਦੀ ਵਰਤੋਂ ਕੋਰੋਨਾ ਵਾਇਰਸ ਤੋਂ ਬਚਾਅ ਲਈ ਨਹੀਂ, ਬਲਕਿ ਇਹ ਕੋਵਿਡ-19 ਦੇ ਮਰੀਜ਼ਾਂ ਵਿੱਚ ਰੋਗ ਵਿਰੋਧੀ ਸਮਰੱਥਾ ਵਧਾਉਣ ਵਿੱਚ ਯੋਗਦਾਨ ਕਰਦੀ ਹੈ। ਇਸ ਪ੍ਰਕਾਰ ਇਹ ਇਸ ਬਿਮਾਰੀ ਨਾਲ ਲੜਨ ਵਿੱਚ ਸਹਾਇਕ ਹੁੰਦੀ ਹੈ।

# ਸਸਤੀਆਂ ਉਡਾਣ ਸੇਵਾਵਾਂ ਦੇ ਲਈ ਭਾਰਤ ਸਰਕਾਰ ਵੱਲੋਂ 1000 ਕਰੋੜ ਖਰਚਣ ਦੀ ਤਿਆਰੀ

ਨਵੀਂ ਦਿੱਲੀ, 17 ਮਈ (ਪੋਸਟ ਬਿਊਰੋ)- ਭਾਰਤ ਸਰਕਾਰ ਇਨਫਰਾਸਟ੍ਰਕਚਰ ਸੁਧਾਰ ਪ੍ਰੋਗਰਾਮ ਹੇਠ ਸਰਕਾਰ ਘਰੇਲੂ ਉਡਾਣ ਸੇਵਾ ਨੂੰ ਸਸਤਾ ਬਣਾਉਣਾ ਚਾਹੁੰਦੀ ਹੈ। ਸਸਤੀ ਉਡਾਣ ਸੇਵਾ ਹੋਣ ਨਾਲ ਵੱਧ ਤੋਂ ਵੱਧ ਲੋਕ ਹਵਾਈ ਸਫਰ ਕਰ ਸਕਣਗੇ। ਇਸ ਨਾਲ ਨਾਗਰਿਕ ਹਵਾਬਾਜ਼ੀ ਉਦਯੋਗ ਦੇ ਵਿਕਾਸ ਦੀ ਰਫਤਾਰ ਵੱਧ ਹੋ ਜਾਏਗੀ।

ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨੇ ਕੱਲ੍ਹ ਉਡਾਣ ਸੇਵਾ ਦੀ ਲਾਗਤ ਵਿੱਚ ਕਮੀ ਲਈ 1000 ਕਰੋੜ ਰੁਪਏ ਦੇ ਪੈਕੇਜ ਦਾ ਐਲਾਨ ਕੀਤਾ ਹੈ। ਭਾਰਤ ਸਰਕਾਰ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ (ਪੀ ਪੀ ਪੀ) ਆਧਾਰ ਉੱਤੇ ਕਈ ਵਿਸ਼ਵ ਪੱਧਰੀ ਏਅਰਪੋਰਟ ਵੀ ਬਣਾਉਣ ਜਾ ਰਹੀ ਹੈ। ਇਸ ਬਾਰੇ ਪਹਿਲਾਂ ਤੋਂ ਹੀ ਕਈ ਗੇੜ ਦੀ ਬਿਡਿੰਗ ਹੋ ਚੁੱਕੀ ਹੈ। ਖਜ਼ਾਨਾ ਮੰਤਰੀ ਸੀਤਾਰਮਨ ਨੇ ਦੱਸਿਆ ਕਿ ਅਜੇ ਭਾਰਤ ਵਿੱਚ ਜਹਾਜ਼ ਸਿਰਫ ਸੱਠ ਫੀਸਦੀ ਏਅਰਸਪੇਸ ਨਾਲ ਉਡਦੇ ਹਨ। ਹੋਰ ਏਅਰਸਪੇਸ ਹਾਸਲ ਕਰਾਉਣ 'ਤੇ ਵੱਧ ਜਹਾਜ਼ ਉਡ ਸਕਣਗੇ ਤੇ ਅਸਮਾਨ ਵਿੱਚ ਟਰੈਫਿਕ ਭੀੜ ਘਟੇਗੀ। ਇਸ ਨਾਲ ਤੇਲ 'ਤੇ ਹੋਣ ਵਾਲੇ ਖਰਚ ਵਿੱਚ ਕਮੀ ਆਏਗੀ। ਘੱਟ ਫਿਊਲ ਖਰਚ ਹੋਣ 'ਤੇ ਵਾਤਾਵਰਣ ਨੂੰ ਵੀ ਘੱਟ ਨੁਕਸਾਨ ਪਹੁੰਚੇਗਾ। ਉਨ੍ਹਾਂ ਨੇ ਕਿਹਾ ਕਿ ਉਡਾਣ ਦੀ ਲਾਗਤ ਵਿੱਚ ਕਮੀ ਲਿਆਉਣ ਦੇ ਲਈ ਸਰਕਾਰ 1000 ਕਰੋੜ ਰੁਪਏ ਖਰਚ ਕਰੇਗੀ। ਇਸ ਦੇ ਲਈ ਸਮਰੱਥ ਏਅਰਸਪੇਸ ਮੈਨੇਜਮੈਂਟ ਕੀਤੀ ਜਾਵੇਗੀ ਤੇ ਏਅਰਸਪੇਸ ਦੀ ਵਰਤੋਂ ਬਾਰੇ ਕਈ ਮੌਜੂਦਾ ਪਾਬੰਦੀਆਂ ਹਟਾ ਲਈਆਂ ਜਾਣਗੀਆਂ, ਜਿਸ ਨਾਲ ਜਹਾਜ਼ਾਂ ਦੇ ਉਡਣ ਲਈ ਵੱਧ ਜਗ੍ਹਾ ਹੋਵੇਗੀ। ਉਨ੍ਹਾਂ ਦੱਸਿਆ ਕਿ ਪੀ ਪੀ ਪੀ (ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ) ਮਾਡਲ ਨਾਲ ਕਈ ਵਿਸ਼ਵ ਪੱਧਰੀ ਏਅਰਪੋਰਟ ਬਣਾਏ ਜਾਣਗੇ।

ਏਅਰਪੋਰਟ ਅਥਾਰਟੀ ਆਫ ਇੰਡੀਆ (ਏ ਏ ਆਈ) ਨੇ ਪੀ ਪੀ ਪੀ ਮਾਡਲ ਉਤੇ ਛੇ ਵਿੱਚੋਂ ਤਿੰਨ ਏਅਰਪੋਰਟ ਦੇ ਚਲਾਉਣ ਅਤੇ ਉਨ੍ਹਾਂ ਦੀ ਸਾਂਭ-ਸੰਭਾਲ ਲਈ ਟੈਂਡਰ ਜਾਰੀ ਕਰ ਦਿੱਤੇ ਹਨ। ਪਹਿਲੇ ਪੜਾਅ ਵਿੱਚ ਇਨ੍ਹਾਂ ਛੇ ਏਅਰਪੋਰਟਾਂ ਤੋਂ ਸਰਕਾਰ ਨੂੰ 1000 ਕਰੋੜ ਮਿਲਣਗੇ। ਇਸ ਦੇ ਨਾਲ ਏ ਏ ਆਈ ਨੂੰ 230 ਕਰੋੜ ਤੁਰੰਤ ਨਕਦੀ ਵਜੋਂ ਮਿਲਣਗੇ। ਇਸੇ ਤਰ੍ਹਾਂ ਛੇ ਹੋਰ ਏਅਰਪੋਰਟਾਂ ਦੀ ਪਛਾਣ ਕੀਤੀ ਗਈ ਹੈ, ਜਿਸ ਦੀ ਟੈਂਡਰ ਪ੍ਰਕਿਰਿਆ ਵੀ ਜਲਦੀ ਸ਼ੁਰੂ ਹੋ ਜਾਏਗੀ। ਖਜ਼ਾਨਾ ਮੰਤਰੀ ਸੀਤਾਰਮਨ ਨੇ ਕਿਹਾ ਕਿ ਸਰਕਾਰ ਭਾਰਤ ਨੂੰ ਹਵਾਈ ਜਹਾਜ਼ ਦੇ ਮੈਂਟਨੈਂਸ, ਰਿਪੇਅਰ ਅਤੇ ਓਵਰਹਾਲ (ਐੱਮ ਆਰ ਓ) ਦਾ ਵਿਸ਼ਵ ਪੱਧਰੀ ਹੱਬ ਬਣਾਉਣਾ ਚਾਹੁੰਦੀ ਹੈ। ਏਅਰਕਰਾਫਟ ਕੰਪੋਨੈਂਟ ਰਿਪੇਅਰ ਅਤੇ ਰੱਖ ਰਖਾਅ ਦਾ ਕੰਮ ਅਗਲੇ ਤਿੰਨ ਸਾਲ ਵਿੱਚ 800 ਕਰੋੜ ਤੋਂ ਵਧ ਕੇ 2000 ਕਰੋੜ ਦਾ ਹੋਣ ਦਾ ਅੰਦਾਜ਼ਾ ਹੈ।

# ਡਿਪਟੀ ਮੁੱਖ ਮੰਤਰੀ ਚੌਟਾਲਾ ਸ਼ਰਾਬ ਸਮਗਲਰ ਸਾਬਕਾ ਵਿਧਾਇਕ ਦੇ ਪੱਖ ਵਿੱਚ ਨਿੱਤਰ ਪਿਆ

ਚੰਡੀਗੜ੍ਹ, 17 ਮਈ, (ਪੋਸਟ ਬਿਊਰੋ)- ਹਰਿਆਣਾ ਦੇ ਡਿਪਟੀ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ ਨੇ ਸ਼ਰਾਬ ਤਸਕਰੀ ਦੇ ਦੋਸ਼ ਵਿੱਚ ਗ੍ਰਿਫ਼ਤਾਰ ਹੋਏ ਆਪਣੀ ਪਾਰਟੀ ਜੇ ਜੇ ਪੀ (ਜਨਨਾਇਕ ਜਨਤਾ ਪਾਰਟੀ) ਦੇ ਸੀਨੀਅਰ ਆਗੂ ਅਤੇ ਸਾਬਕਾ ਵਿਧਾਇਕ ਸਤਵਿੰਦਰ ਸਿੰਘ ਰਾਣਾ ਦੇ ਬਚਾਅ ਲਈ ਖੁੱਲ੍ਹ ਕੇ ਪੈਂਤੜਾ ਲੈ ਲਿਆ ਹੈ। ਉਨ੍ਹਾਂ ਨੇ ਸਤਵਿੰਦਰ ਸਿੰਘ ਰਾਣਾ ਦਾ ਸਮਰਥਨ ਕਰਦੇ ਹੋਏ ਕਿਹਾ ਕਿ ਉਹ ਕੋਈ ਅਪਰਾਧੀ ਨਹੀਂ ਹੈ।

ਅੱਜ ਏਥੇ ਪ੍ਰੈਸ ਕਾਨਫਰੰਸ ਦੌਰਾਨ ਦੁਸ਼ਯੰਤ ਚੌਟਾਲਾ ਨੇ ਆਪਣੇ ਵਿਰੋਧੀਆਂ ਦੇ ਖਿਲਾਫ ਸਖ਼ਤ ਰੁਖ ਦਿਖਾਇਆ ਤੇ ਕਿਹਾ ਕਿ ਮੇਰੇ ਉੱਤੇ ਦੋਸ਼ ਹੈ ਕਿ ਮੈਂ ਗਲਤ ਕੰਮਾਂ ਵਿਚ ਲੱਗੇ ਲੋਕਾਂ ਦਾ ਸਾਥ ਦਿੰਦਾ ਹਾਂ, ਦੋਸ਼ ਲਾਉਣ ਵਾਲਿਆਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਮੈਂ ਸ਼ਰਾਬ ਦੀ ਤਸਕਰੀ ਰੋਕਣ ਲਈ ਸਖਤ ਕਾਨੂੰਨ ਬਣਾਏ ਹਨ। ਮੈਂ ਖੁਦ ਕਾਨੂੰਨ ਨੂੰ ਕਿਵੇਂ ਤੋੜ ਸਕਦਾ ਹਾਂ? ਡਿਪਟੀ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ ਨੇ ਕਿਹਾ ਕਿ ਸਤਵਿੰਦਰ ਸਿੰਘ ਰਾਣਾ ਕਿਸੇ ਕੇਸ ਦਾ ਮੁਜਰਮ ਨਹੀਂ ਹੈ। ਉਨ੍ਹਾਂ ਕਿਹਾ ਕਿ ਲੌਕਡਾਊਨ ਤੋਂ ਪਹਿਲਾਂ ਦੀ ਸ਼ਰਾਬ ਚੋਰੀ ਦੀ ਰਿਪੋਰਟ ਉੱਤੇ ਇਸ ਕੇਸ ਵਿੱਚ ਈਸ਼ਵਰ ਸਿੰਘ ਨਾਂ ਦਾ ਇੱਕ ਬੰਦਾ ਫੜਿਆ ਗਿਆ ਅਤੇ ਉਸ ਦੇ ਕਹਿਣ ਉੱਤੇ ਪੁਲਿਸ ਸਾਬਕਾ ਵਿਧਾਇਕ ਸਤਵਿੰਦਰ ਸਿੰਘ ਰਾਣਾ ਨੂੰ ਪੁੱਛਗਿੱਛ ਲਈ ਗ੍ਰਿਫਤਾਰ ਕਰਨ ਤੁਰ ਪਈ। ਇੱਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਸਤਵਿੰਦਰ ਸਿੰਘ ਰਾਣਾ ਨੇ ਨਾ ਉਸ ਨੂੰ ਇਸ ਕੇਸ ਵਿੱਚ ਕੋਈ ਮਦਦ ਕਰਨ ਨੂੰ ਕਿਹਾ ਹੈ ਤੇ ਨਾ ਉਸ ਨੂੰ ਰਾਣਾ ਦੇ ਕੇਸ ਦਾ ਪਤਾ ਹੈ। ਜਦੋਂ ਪੁਲਿਸ ਨੇ ਸਤਵਿੰਦਰ ਸਿੰਘ ਰਾਣਾ ਨੂੰ ਪੁੱਛਗਿੱਛ ਲਈ ਸੱਦਿਆ ਤਾਂ ਮੈਂ ਹਰਿਆਣਾ ਪੁਲਸ ਦੇ ਡੀ ਜੀ ਪੀ ਨਾਲ ਗੱਲ ਕੀਤੀ ਤੇ ਪੂਰਾ ਕੇਸ ਸਮਝਣ ਦੀ ਕੋਸ਼ਿਸ਼ ਕੀਤੀ ਸੀ। ਜਦੋਂ ਤਕ ਕਾਨੂੰਨੀ ਪ੍ਰਕਿਰਿਆ ਪੂਰੀ ਨਹੀਂ ਹੋ ਜਾਂਦੀ ਅਤੇ ਸਤਵਿੰਦਰ ਸਿੰਘ ਮੈਨੂੰ ਮਿਲ ਕੇ ਸਾਰੀ ਜਾਣਕਾਰੀ ਨਹੀਂ ਦੇ ਦਿੰਦਾ, ਉਦੋਂ ਤੱਕ ਪਾਰਟੀ ਵੱਲੋਂ ਉਸ ਬਾਰੇ ਕਿਸੇ ਕਾਰਵਾਈ ਕਰਨ ਦਾ ਕੋਈ ਮਤਲਬ ਨਹੀਂ ਬਣਦਾ।

# ਕਰੋੜਾਂ ਦੀਆਂ ਠੱਗੀਆਂ ਮਾਰਨ ਵਾਲੇ ਟਰੈਵਲ ਏਜੰਟ ਕਪਿਲ ਸ਼ਰਮਾ ਵੱਲੋਂ ਆਤਮ ਸਮਰਪਣ

ਜਲੰਧਰ, 17 ਮਈ (ਪੋਸਟ ਬਿਊਰੋ)- ਪੰਜਾਬ ਦੇ ਵਿਦਿਆਰਥੀਆਂ ਨੂੰ ਵਿਦੇਸ਼ ਭੇਜਣ ਦੇ ਨਾਂਅ 'ਤੇ ਕਰੋੜਾਂ ਰੁਪਏ ਦੀਆਂ ਠੱਗੀਆਂ ਮਾਰਨ ਵਾਲੇ ਟਰੈਵਲ ਏਜੰਟ ਕਪਿਲ ਸ਼ਰਮਾ ਨੇ ਕੱਲ੍ਹ ਅਦਾਲਤ 'ਚ ਸਮਰਪਣ ਕਰ ਦਿੱਤਾ ਹੈ।



ਵਰਨਣ ਯੋਗ ਹੈ ਕਿ ਕਪਿਲ ਸ਼ਰਮਾ ਦੇ ਖਿਲਾਫ ਥਾਣਾ ਨਵੀਂ ਬਾਰਾਂਦਰੀ ਵਿੱਚ ਠੱਗੀ ਮਾਰਨ ਦੇ ਤਿੰਨ ਦਰਜਨ ਤੋਂ ਵੱਧ ਕੇਸ ਦਰਜ ਹਨ। 'ਦੀ ਸਟੱਡੀ ਐਕਸਪ੍ਰੈਸ' ਨਾਂਅ ਹੇਠ ਵਿਦਿਆਰਥੀਆਂ ਨੂੰ ਵਿਦੇਸ਼ ਭੇਜਣ ਦੇ ਨਾਂਅ ਉੱਤੇ ਠੱਗੀਆਂ ਮਾਰਨ ਵਾਲੇ ਕਪਿਲ ਸ਼ਰਮਾ ਨੇ ਪੰਜਾਬ ਦੇ ਵੱਖ-ਵੱਖ ਜ਼ਿਲਿਆਂ ਦੇ ਵਿਦਿਆਰਥੀਆਂ ਤੋਂ ਲੱਖਾਂ ਰੁਪਏ ਦੀ ਫੀਸ ਲਈ, ਪਰ ਨਾ ਕਿਸੇ ਦੇ ਪੈਸੇ ਵਾਪਸ ਕੀਤੇ, ਨਾ ਅੱਗੇ ਵਿਦੇਸ਼ ਭੇਜਿਆ। ਠੱਗੀ ਦੇ ਸ਼ਿਕਾਰ ਵਿਦਿਆਰਥੀਆਂ ਨੇ ਪ੍ਰੈੱਸ ਕਾਨਫਰੰਸਾਂ ਵਿੱਚ ਭੇਦ ਖੋਲ੍ਹੇ ਸਨ ਕਿ ਉਨ੍ਹਾਂ ਦੇ ਦਸਤਾਵੇਜ਼ ਵੀ ਕਪਿਲ ਸ਼ਰਮਾ ਕੋਲ ਹਨ, ਜਿਸ ਕਰ ਕੇ ਨਾ ਉਹ ਵਿਦੇਸ਼ ਜਾ ਸਕਦੇ ਹਨ, ਨਾ ਭਾਰਤ ਵਿੱਚ ਰਹਿ ਕੇ ਅੱਗੇ ਕੁਝ ਕਰ ਸਕਦੇ ਹਨ। ਕਪਿਲ ਸ਼ਰਮਾ ਕਈ ਵਿਦਿਆਰਥੀਆਂ ਨੂੰ ਫੀਸ ਬਦਲੇ ਚੈਕ ਦਿੱਤੇ ਸਨ, ਪਰ ਬਾਅਦ ਵਿੱਚ ਉਹ ਚੈੱਕ ਪਾਸ ਨਹੀਂ ਸਨ ਹੋ ਸਕੇ। ਇਨ੍ਹਾਂ ਸ਼ਿਕਾਇਤਾਂ ਉੱਤੇ ਥਾਣਾ ਨਵੀਂ ਬਾਰਾਂਦਰੀ ਦੀ ਪੁਲਸ ਨੇ ਕਪਿਲ ਸ਼ਰਮਾ, ਉਸ ਦੀ ਪਤਨੀ ਅਨੀਤਾ, ਉਸ ਦੀ ਮਾਂ, ਡਰਾਈਵਰ ਅਤੇ ਸਟਾਫ ਦੇ ਕੁਝ ਲੋਕਾਂ ਖਿਲਾਫ ਕੇਸ ਦਰਜ ਕੀਤਾ ਸੀ, ਜਿਸ ਦੇ ਬਾਅਦ ਡਰਾਈਵਰ, ਮਾਂ ਅਤੇ ਇੱਕ ਮਹਿਲਾ ਮੁਲਾਜ਼ਮ ਦੀ ਗ੍ਰਿਫਤਾਰੀ ਹੋਈ ਸੀ, ਪਰ ਕਪਿਲ ਸ਼ਰਮਾ ਤੇ ਉਸ ਦੀ ਪਤਨੀ ਅਨੀਤਾ ਸ਼ਰਮਾ ਪੁਲਸ ਦੀ ਪਕੜ ਤੋਂ ਦੂਰ ਸਨ। ਥਾਣਾ ਨਵੀਂ ਬਾਰਾਂਦਰੀ ਦੇ ਮੁਖੀ ਜੀਵਨ ਸਿੰਘ ਨੇ ਦੱਸਿਆ ਕਿ ਕੱਲ੍ਹ ਪੇਸ਼ ਹੋਏ ਕਪਿਲ ਸ਼ਰਮਾ ਨੂੰ ਅਦਾਲਤ ਨੇ ਲੁਧਿਆਣਾ ਦੀ ਜੇਲ੍ਹ ਵਿੱਚ ਭੇਜ ਦਿੱਤਾ, ਜਿੱਥੋਂ ਉਹ ਜਾਂਚ ਦੇ ਲਈ ਉਸ ਨੂੰ ਪ੍ਰੋਡਕਸ਼ਨ ਵਰੰਟ ਉੱਤੇ ਲੈ ਕੇ ਆਉਣਗੇ।

# ਕਾਂਗਰਸ ਵਿਧਾਇਕ ਜਲਾਲਪੁਰ ਨੇ ਸ਼ਰਾਬ ਫੈਕਟਰੀ ਨਾਲ ਭਾਜਪਾ ਆਗੂ ਦਾ ਨਾਂਅ ਜੋੜਿਆ

ਪਟਿਆਲਾ, 17 ਮਈ (ਪੋਸਟ ਬਿਊਰੋ)- ਪੰਜਾਬ ਦੇ ਵਿਧਾਨ ਸਭਾ ਹਲਕਾ ਘਨੌਰ ਵਿੱਚ ਲਾਕਡਾਊਨ ਦੌਰਾਨ ਫੜੀ ਗਈ ਨਕਲੀ ਸ਼ਰਾਬ ਫੈਕਟਰੀ ਦੇ ਕੇਸ ਵਿੱਚ ਕਾਂਗਰਸੀ ਵਿਧਾਇਕ ਮਦਨ ਲਾਲ ਜਲਾਲਪੁਰ ਨੇ ਵਿਰੋਧੀ ਧਿਰ 'ਤੇ ਤਿੱਖੇ ਹਮਲੇ ਕੀਤੇ ਅਤੇ ਕਿਹਾ ਹੈ ਕਿ ਇਹ ਫੈਕਟਰੀ ਭਾਜਪਾ ਦੇ ਇੱਕ ਨੇਤਾ ਦੀ ਹੈ, ਜਿਸ ਨੂੰ ਇੱਕ ਸੀਨੀਅਰ ਅਕਾਲੀ ਆਗੂ ਦੀ ਸ਼ਹਿ 'ਤੇ ਚਲਾਇਆ ਜਾ ਰਿਹਾ ਹੈ ਅਤੇ ਜਲਦੀ ਹੀ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਸਭ ਸਾਹਮਣੇ ਆਵੇਗਾ।

ਇਸ ਸੰਬੰਧ ਵਿੱਚ ਪੰਜਾਬ ਕਾਂਗਰਸ ਦੇ ਜਨਰਲ ਸਕੱਤਰ ਤੇ ਹਲਕਾ ਘਨੌਰ ਦੇ ਵਿਧਾਇਕ ਮਦਨ ਲਾਲ ਜਲਾਲਪੁਰ ਨੇ ਸ਼ਰਾਬ ਫੈਕਟਰੀ ਦੇ ਕੇਸ ਵਿੱਚ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦੇ ਨੇਤਾਵਾਂ 'ਤੇ ਮੋੜਵਾਂ ਹਮਲਾ ਕਰਦੇ ਹੋਏ ਕਿਹਾ ਕਿ ਪੰਜਾਬ ਦੇ ਲੋਕਾਂ ਵੱਲੋਂ ਨਕਾਰੇ ਹੋਏ ਇਹ ਨੇਤਾ ਕੋਰੋਨਾ ਸੰਕਟ ਮੌਕੇ ਵੀ ਲੋਕਾਂ ਨੂੰ ਮੂਰਖ ਬਣਾਉਣ ਦਾ ਯਤਨ ਕਰ ਰਹੇ ਹਨ। ਉਨ੍ਹਾ ਕਿਹਾ ਕਿ ਲੋਕਾਂ ਦੀ ਮਦਦ ਲਈ ਇਹ ਲੋਕ ਕੋਰੋਨਾ ਸੰਕਟ ਮੌਕੇ ਘਰਾਂ ਤੋਂ ਬਾਹਰ ਨਹੀਂ ਨਿਕਲੇ ਤੇ ਅੱਜ ਸਿਆਸੀ ਰੋਟੀਆਂ ਸੇਕਣ ਲਈ ਇਨ੍ਹਾਂ ਨੇ ਪਟਿਆਲਾ ਦੇ ਗੇੜੇ ਲਾਉਣੇ ਸ਼ੁਰੂ ਕਰ ਦਿੱਤੇ ਹਨ। ਉਨ੍ਹਾਂ ਕਿਹਾ ਕਿ ਉਹ ਆਪਣੇ ਹਲਕੇ ਵਿੱਚ ਇਨ੍ਹਾਂ ਸਰਗਰਮੀਆਂ ਨੂੰ ਬਰਦਾਸ਼ਤ ਨਹੀਂ ਕਰਨਗੇ ਤੇ ਅਸਲ ਦੋਸ਼ੀਆਂ ਨੂੰ ਸਜ਼ਾ ਦਿਵਾਉਣਗੇ। ਮਦਨ ਲਾਲ ਜਲਾਲਪੁਰ ਨੇ ਕਿਹਾ ਸ਼ਰਾਬ ਦੀ ਫੈਕਟਰੀ ਫੜੇ ਜਾਣ ਪਿੱਛੋਂ ਉਨ੍ਹਾਂ ਖੁਦ ਐੱਸ ਐੱਸ ਪੀ ਨੂੰ ਬੇਨਤੀ ਕੀਤੀ ਕਿ ਇਸ ਕੇਸ ਵਿੱਚ ਸੀਨੀਅਰ ਅਧਿਕਾਰੀਆਂ ਦੀ ਸਪੈਸ਼ਲ ਇਨਵੈਸਟੀਗੇਸ਼ਨ ਟੀਮ (ਸਿਟ) ਬਣਾਈ ਜਾਵੇ ਤਾਂ ਜੋ ਸਿਆਸੀ ਰੋਟੀਆਂ ਸੇਕਣ ਵਾਲੇ ਨੇਤਾਵਾਂ ਨੂੰ ਇਸ ਦਾ ਕਰਾਰ ਜਵਾਬ ਮਿਲ ਸਕੇ। ਉਨ੍ਹਾਂ ਕਿਹਾ ਕਿ ਐੱਸ ਐੱਸ ਪੀ ਨੇ ਇਸ ਮਾਮਲੇ ਵਿੱਚ ਵਿਸ਼ੇਸ਼ ਜਾਂਚ ਟੀਮ ਬਣਾ ਦਿੱਤੀ ਹੈ, ਜਿਸ ਵਿੱਚ ਦੋ ਐਸ ਪੀ ਰੈਂਕ ਦੇ ਅਤੇ ਇੱਕ ਡੀ ਐੱਸ ਪੀ ਰੈਂਕ ਦਾ ਅਧਿਕਾਰੀ ਸ਼ਾਮਲ ਹੈ। ਉਨ੍ਹਾ ਕਿਹਾ ਕਿ ਉਹ ਚਾਹੁੰਦੇ ਹਨ ਕਿ ਦੋਸ਼ੀਆਂ ਨੂੰ ਸਖਤ ਸਜ਼ਾ ਅਤੇ ਨਿਰਦੋਸ਼ ਨੂੰ ਇਨਸਾਫ ਮਿਲੇ।

# ਪ੍ਰਿਅੰਕਾ ਗਾਂਧੀ ਦਾ ਪੀ ਏ ਬਣ ਕੇ ਠੱਗੀਆਂ ਕਰਨ ਵਾਲਾ ਗ੍ਰਿਫਤਾਰ

ਲੁਧਿਆਣਾ, 17 ਮਈ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਕਰਫਿਊ ਦੌਰਾਨ ਲੋੜਵੰਦਾਂ ਨੂੰ ਰਾਸ਼ਨ ਦਿਵਾਉਣ ਦੇ ਨਾਂਅ 'ਤੇ ਉਨ੍ਹਾਂ ਤੋਂ ਪੈਸੇ ਵਸੂਲਣ ਦੇ ਦੋਸ਼ ਵਿੱਚ ਪੁਲਸ ਨੇ ਇੱਕ ਠੱਗ ਨੂੰ ਗ੍ਰਿਫਤਾਰ ਕੀਤਾ ਹੈ, ਜਿਹੜਾ ਖੁਦ ਨੂੰ ਕਾਂਗਰਸ ਦੀ ਜਨਰਲ ਸੈਕਟਰੀ ਪ੍ਰਿਅੰਕਾ ਗਾਂਧੀ ਵਾਡਰਾ ਦਾ ਪੀ ਏ ਦੱਸਦਾ ਸੀ। ਜਦ ਇਸ ਦਾ ਪਤਾ ਕਾਂਗਰਸੀ ਨੇਤਾਵਾਂ ਨੂੰ ਲੱਗਾ ਤਾਂ ਭੇਦ ਖੁੱਲ੍ਹ ਗਿਆ ਅਤੇ ਪੁਲਸ ਨੇ ਫੜ ਲਿਆ। ਉਸ ਦੇ ਖਿਲਾਫ ਥਾਣਾ ਡਵੀਜ਼ਨ ਤਿੰਨ ਵਿੱਚ ਨੈਸ਼ਨਲ ਸਟੂਡੈਂਟਸ ਯੂਨੀਅਨ ਆਫ ਇੰਡੀਆ ਦੇ ਸ਼ਹਿਰੀ ਯੂਨਿਟ ਦੇ ਮੁਖੀ ਅਵੀ ਕੁਮਾਰ ਦੀ ਸ਼ਿਕਾਇਤ 'ਤੇ ਕੇਸ ਦਰਜ ਕੀਤਾ ਗਿਆ ਹੈ। ਅਵੀ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਨੂੰ ਪਤਾ ਲੱਗਾ ਸੀ ਕਿ ਸ਼ਹਿਰ ਦੇ ਟਿੱਬਾ ਰੋਡ ਗੋਪਾਲ ਨਗਰ ਦਾ ਰਹਿਣ ਵਾਲਾ ਵਿਜੇ ਤਿਵਾੜੀ ਰਾਸ਼ਨ ਦੇ ਨਾਂਅ 'ਤੇ ਲੋਕਾਂ ਤੋਂ ਪੈਸੇ ਇਕੱਠੇ ਕਰ ਰਿਹਾ ਹੈ। ਉਸ ਨੇ ਦਿੱਲੀ ਵਿੱਚ ਵੀ ਨੇਤਾਵਾਂ ਤੋਂ ਫੋਨ ਕਰ ਕੇ ਪੈਸੇ ਮੰਗੇ ਸਨ। ਉਨ੍ਹਾਂ ਨੇ ਇਸ ਬਾਰੇ ਜ਼ਿਲਾ ਕਾਂਗਰਸ ਪ੍ਰਧਾਨ ਅਸ਼ਵਨੀ ਸ਼ਰਮਾ ਨੂੰ ਦੱਸਿਆ ਤਾਂ ਜਾਂਚ ਵਿੱਚ ਪਤਾ ਲੱਗਾ ਕਿ ਵਿਜੇ ਖੁਦ ਨੂੰ ਪ੍ਰਿਅੰਕਾ ਗਾਂਧੀ ਦਾ ਪੀ ਏ ਦੱਸਦਾ ਸੀ ਅਤੇ ਐੱਨ ਐੱਸ ਯੂ ਆਈ ਵੱਲੋਂ ਰਾਸ਼ਨ ਵੰਡਣ ਦੀ ਗੱਲ ਕਹਿੰਦਾ ਸੀ।

# ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਵੱਲੋਂ ਖੇਤੀ ਲਈ 16 ਘੰਟੇ ਬਿਜਲੀ ਦੀ ਮੰਗ ਨੂੰ ਲੈ ਕੇ ਧਰਨਿਆਂ ਦਾ ਐਲਾਨ

ਚੰਡੀਗੜ੍ਹ, 17 ਮਈ (ਪੋਸਟ ਬਿਊਰੋ): ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਵੱਲੋਂ ਬੀਤੇ ਦਿਨ ਜੋਗਿੰਦਰ ਸਿੰਘ ਉਗਰਾਹਾਂ ਦੀ ਪ੍ਰਧਾਨਗੀ ਹੇਠਾਂ ਹੋਈ ਸੂਬਾ ਕਮੇਟੀ ਦੀ ਮੀਟਿੰਗ ਵਿੱਚ ਮੌਜੂਦਾ ਹਾਲਾਤ ਦੌਰਾਨ ਉੱਭਰੀਆਂ ਕਿਸਾਨਾਂ ਦੀਆਂ ਫੌਰੀ ਸਮੱਸਿਆਵਾਂ ਝੋਨੇ ਦੀ ਸਮੇਂ ਸਿਰ ਬਿਜਾਈ ਅਤੇ ਮਜਬੂਰੀ ਵੱਸ ਕਣਕ ਦਾ ਨਾੜ ਸਾੜ ਰਹੇ ਕਿਸਾਨਾਂ ਵਿਰੁੱਧ ਦਰਜ ਕੀਤੇ ਪੁਲਿਸ ਕੇਸ ਰੱਦ ਕਰਨ ਸੰਬੰਧੀ ਮੰਗਾਂ ਨੂੰ ਲੈ ਕੇ ਜਨਤਕ ਸੰਘਰਸ਼ਾਂ ਦੇ ਫੈਸਲੇ ਕੀਤੇ ਗਏ।

ਪਹਿਲੇ ਫੈਸਲੇ ਅਨੁਸਾਰ ਖੇਤੀ ਲਈ ਰੋਜ਼ਾਨਾਂ 16 ਘੰਟੇ ਨਿਰਵਿਘਨ ਬਿਜਲੀ ਸਪਲਾਈ ਦੀ ਮੰਗ ਨੂੰ ਲੈ ਕੇ ਵੱਧ ਤੋਂ ਵੱਧ ਥਾਂਵਾਂ ਕਵਰ ਕਰਨ ਲਈ 22 ਤੋਂ 24 ਮਈ ਦੌਰਾਨ ਪਾਵਰਕਾਮ ਸਬ-ਡਵੀਜ਼ਨ ਤੇ ਡਵੀਜ਼ਨ ਦਫ਼ਤਰਾਂ ਅੱਗੇ ਇੱਕ ਰੋਜ਼ਾ ਧਰਨੇ 11 ਤੋਂ 4 ਵਜੇ ਤੱਕ ਮਾਰਨ ਦਾ ਫੈਸਲਾ ਕੀਤਾ ਗਿਆ ਹੈ।

ਇਸ ਫੈਸਲੇ ਦਾ ਆਧਾਰ ਬਣੀ ਜਾਣਕਾਰੀ ਪ੍ਰੈਸ ਨੂੰ ਦਿੰਦੇ ਹੋਏ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਵੱਲੋਂ ਦੱਸਿਆ ਗਿਆ ਹੈ ਕਿ ਲਾਕਡਾਊਨ ਕਾਰਨ ਪ੍ਰਵਾਸੀ ਮਜ਼ਦੂਰਾਂ ਦੀ ਗੈਰਹਾਜ਼ਰੀ ਕਾਰਨ ਸਥਾਨਕ ਸੀਮਿਤ ਮਜ਼ਦੂਰ ਸ਼ਕਤੀ ਦੁਆਰਾ ਝੋਨਾ ਬਿਜਾਈ ਦਾ ਸੀਜ਼ਨ ਮਹੀਨਾ ਡੇਢ ਮਹੀਨਾ ਲੰਬਾ ਹੋਣਾ ਤਹਿ ਹੈ।

ਉਨਾਂ ਕਿਹਾ ਕਿ ਸਰਕਾਰੀ ਐਲਾਨ ਮੁਤਾਬਕ ਖੇਤੀ ਲਈ 10 ਜੂਨ ਤੋਂ 8 ਘੰਟੇ ਰੋਜ਼ਾਨਾ ਬਿਜਲੀ ਦੇਣ ਨਾਲ ਝੋਨਾ ਬਿਜਾਈ ਜੁਲਾਈ ਦੇ ਅੰਤ ਤੱਕ ਲਮਕ ਸਕਦੀ ਹੈ। ਇਤਨੀ ਦੇਰੀ ਕਾਰਨ ਝੋਨੇ ਦੇ ਝਾੜ ਵਿੱਚ ਭਾਰੀ ਕਮੀ ਹੋਣ ਤੋਂ ਇਲਾਵਾ ਦਾਣਿਆ ਦੀ ਨਮੀ ਵਧਣ ਕਾਰਨ ਖਰੀਦ ਵਿੱਚ ਵੀ ਅੜਿੱਕੇ ਬਣਦੇ ਹਨ। ਅਗਲੀ ਫ਼ਸਲ ਕਣਕ ਵੀ ਬਹੁਤ ਪਛੇਤੀ ਬੀਜੀ ਜਾ ਸਕੇਗੀ, ਜਿਸਦਾ ਝਾੜ ਵੀ ਘਟਣ ਕਾਰਨ ਕਿਸਾਨਾਂ ਨੂੰ ਦੂਹਰਾ-ਤੀਹਰਾ ਘਾਟਾ ਝੱਲਣਾ ਪਵੇਗਾ। ਪਹਿਲਾਂ ਹੀ ਭਾਰੀ ਕਰਜ਼ਿਆਂ ਥੱਲੇ ਨਪੀੜੇ ਜਾ ਰਹੇ ਕਿਸਾਨਾਂ ਲਈ ਇਹ ਘਾਟਾ ਘਾਤਕ ਸਾਬਤ ਹੋਵੇਗਾ। ਇਸ ਕਿਸਾਨ ਮਾਰੂ ਨਤੀਜੇ ਨੂੰ ਮੁੱਖ ਰੱਖ ਕੇ ਹੀ ਕਿਸਾਨਾਂ ਵੱਲੋਂ ਵਾਰ-ਵਾਰ ਕੀਤੀਆਂ ਜਾ ਰਹੀਆਂ ਅਪੀਲਾਂ ਦਲੀਲਾਂ ਨੂੰ ਸੁਣੀਆਂ-ਅਣਸੁਣੀਆਂ ਕਰ ਰਹੀ ਪੰਜਾਬ ਸਰਕਾਰ ਦਾ ਵਿਸ਼ੇਸ਼ ਧਿਆਨ ਖਿੱਚਣ ਲਈ ਹੀ ਇਹ ਧਰਨੇ ਲਾਉਣੇ ਪੈ ਰਹੇ ਹਨ।



ਕਿਸਾਨ ਆਗੂਆਂ ਨੇ ਮੰਗ ਕੀਤੀ ਹੈ ਕਿ ਝੋਨੇ ਦੀ ਸਿੱਧੀ ਬਿਜਾਈ ਲਈ ਤਿਆਰ ਕਿਸਾਨਾਂ ਲਈ ਵੀ ਰੋਜ਼ਾਨਾ 8 ਘੰਟੇ ਬਿਜਲੀ ਸਪਲਾਈ ਤਾਂ 20 ਮਈ ਤੋਂ ਹੀ ਦੇਣੀ ਚਾਹੀਦੀ ਹੈ। ਦੂਜੇ ਫੈਸਲੇ ਅਨੁਸਾਰ ਮਜ਼ਬੂਰੀਵੱਸ ਨਾੜ ਸਾੜਨ ਵਾਲੇ ਕਿਸਾਨਾਂ ਵਿਰੁੱਧ ਦਰਜ ਕੀਤੇ ਨਜਾਇਜ਼ ਪੁਲਿਸ ਕੇਸ ਰੱਦ ਕਰਨ ਦੀ ਮੰਗ ਕੀਤੀ ਗਈ ਹੈ। ਬਿਨਾਂ ਸਾੜੇ ਕਣਕ ਦਾ ਨਾੜ ਸਾਂਭਣ ਲਈ ਕਿਸਾਨਾਂ ਨੂੰ ਸਮੇਂ ਸਿਰ ਜੰਤਰ ਦਾ ਬੀਜ ਦੇਣ ਤੇ 8 ਘੰਟੇ ਰੋਜ਼ਾਨਾ ਬਿਜਲੀ ਦੇਣ ਤੋਂ ਇਲਾਵਾ ਵਾਧੂ ਖਰਚੇ ਦੀ ਪੂਰਤੀ ਵਜੋਂ 200 ਰੁ: ਪ੍ਰਤੀ ਕੁਇੰਟਲ ਬੋਨਸ ਦੇਣ ਦੀ ਹੱਕੀ ਮੰਗ ਵੀ ਸਰਕਾਰ ਨੇ ਅਣਸੁਣੀ ਕੀਤੀ ਹੈ ਸਗੋਂ ਸੁਪਰੀਮ ਕੋਰਟ ਵੱਲੋਂ ਅਜਿਹੇ ਕਿਸਾਨਾਂ ਨੂੰ 100 ਰੁ: ਪ੍ਰਤੀ ਕੁਇੰਟਲ ਬੋਨਸ ਦੇਣ ਦਾ ਫੈਸਲਾ ਵੀ ਨਹੀਂ ਮੰਨਿਆ।

ਜੇਕਰ ਹੁਣ ਵੀ ਕੇਸ ਰੱਦ ਕਰਨ ਦੀ ਮੰਗ ਨੂੰ ਅਣਸੁਣੀ ਕਰਕੇ ਇਹਨਾਂ ਮਜ਼ਬੂਰ ਕਿਸਾਨਾਂ ਨੂੰ ਗ੍ਰਿਫਤਾਰ ਕਰਨ ਦੇ ਯਤਨ ਕੀਤੇ ਗਏ ਤਾਂ ਸੰਬੰਧਤ ਅਧਿਕਾਰੀਆਂ ਦਾ ਵੀ ਮੌਕੇ 'ਤੇ ਡਟਵਾਂ ਜਨਤਕ ਵਿਰੋਧ ਕੀਤਾ ਜਾਵੇਗਾ। ਉਹਨਾਂ ਨੇ ਸਪਸ਼ਟ ਕੀਤਾ ਹੈ ਕਿ ਕਰੋਨਾ ਮਹਾਂਮਾਰੀ/ਲਾਕਡਾਊਨ ਬਾਰੇ ਜਥੇਬੰਦੀ ਦੀ ਤਹਿਸ਼ੁਦਾ ਸਮਝ ਮੁਤਾਬਕ ਧਰਨਿਆਂ ਸਮੇਂ ਮਾਸਕਾਂ ਦੀ ਵਰਤੋਂ ਅਤੇ ਸਰੀਰਕ ਦੂਰੀ ਸਮੇਤ ਲੋੜੀਂਦੀਆਂ ਸਭ ਸਾਵਧਾਨੀਆਂ 'ਤੇ ਅਮਲ ਯਕੀਨੀ ਬਣਾਇਆ ਜਾਏਗਾ।

# ਸ਼ਰਾਬ ਤਸਕਰੀ ਵਿਰੁੱਧ ਮੁੱਖ ਮੰਤਰੀ ਵੱਲੋਂ ਸਖਤੀ ਦੇ ਹੁਕਮ ਜਾਰੀ

ਚੰਡੀਗੜ੍ਹ, 17 ਮਈ (ਪੋਸਟ ਬਿਊਰੋ)- ਪੰਜਾਬ 'ਚ ਸ਼ਰਾਬ ਮਾਫੀਏ ਅਤੇ ਨਕਲੀ ਸ਼ਰਾਬ ਦੀਆਂ ਫੈਕਟਰੀਆਂ ਫੜੇ ਜਾਣ ਦੇ ਕਾਰਨ ਵਿਰੋਧੀ ਧਿਰਾਂ ਦੇ ਹਮਲਿਆਂ ਪਿੱਛੋਂ ਰਾਜ ਸਰਕਾਰ ਨੇ ਕੱਲ੍ਹ ਸ਼ਰਾਬ ਦੀ ਤਸਕਰੀ ਤੇ ਗੈਰ ਕਾਨੂੰਨੀ ਸ਼ਰਾਬ ਕੱਢਣ ਵਾਲਿਆਂ ਦੇ ਖਿਲਾਫ ਸਖਤੀ ਕਰਨ ਲਈ ਤਿਆਰੀ ਕਰ ਲਈ ਹੈ।



ਇਸ ਸੰਬੰਧ ਵਿੱਚ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੱਲ੍ਹ ਪੁਲਸ ਵਿਭਾਗ ਨੂੰ ਸ਼ਰਾਬ ਦੀ ਹਰ ਤਰ੍ਹਾਂ ਦੀ ਤਸਕਰੀ ਅਤੇ ਨਾਜਾਇਜ਼ ਸ਼ਰਾਬ ਕੱਢਣ ਤੇ ਵੇਚਣ ਵਾਲਿਆਂ ਵਿਰੁੱਧ ਸਖਤ ਕਾਰਵਾਈ ਦੇ ਹੁਕਮ ਦਿੱਤੇ ਹਨ ਤਾਂ ਕਿ ਇਨ੍ਹਾਂ ਗਤੀਵਿਧੀਆਂ ਨਾਲ ਰਾਜ ਦੇ ਖਜ਼ਾਨੇ ਨੂੰ ਨੁਕਸਾਨ ਤੋਂ ਬਚਾਇਆ ਜਾ ਸਕੇ। ਉਨ੍ਹਾ ਨੇ ਨਾਜਾਇਜ਼ ਸ਼ਰਾਬ ਕੱਢਣ/ ਤਸਕਰੀ ਕਰਨ/ ਵੇਚਣ ਨਾਲ ਸੰਬੰਧਤ ਕਿਸੇ ਵੀ ਤਰ੍ਹਾਂ ਦੀ ਗੈਰ ਕਾਨੂੰਨੀ ਗਤੀਵਿਧੀ ਦਾ ਸਮਰਥਨ ਕਰਨ ਜਾਂ ਲਾਪ੍ਰਵਾਹੀ ਕਰਨ ਵਾਲੇ ਸਰਕਾਰੀ ਅਧਿਕਾਰੀਆਂ ਤੇ ਮੁਲਾਜ਼ਮਾਂ ਵਿਰੁੱਧ ਵੀ ਸਖਤੀ ਦੇ ਆਦੇਸ਼ ਦਿੱਤੇ ਹਨ। ਇਨ੍ਹਾਂ ਹੁਕਮਾਂ ਉਤੇ ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਦਿਨਕਰ ਗੁਪਤਾ ਨੇ ਸਾਰੇ ਪੁਲਸ ਕਮਿਸ਼ਨਰਾਂ ਤੇ ਜ਼ਿਲਾ ਪੁਲਸ ਮੁਖੀਆਂ ਨੂੰ 23 ਮਈ ਤੱਕ ਜ਼ਿਲਾ ਅਤੇ ਥਾਣਾ ਪੱਧਰ 'ਤੇ ਸ਼ਰਾਬ ਦੇ ਤਸਕਰਾਂ, ਸਪਲਾਈ ਕਰਨ ਵਾਲਿਆਂ, ਨਾਜਾਇਜ਼ ਸ਼ਰਾਬ ਕੱਢਣ ਵਾਲਿਆਂ ਦੀ ਪਛਾਣ ਕਰਨ ਲਈ ਲੋੜੀਂਦੀਆਂ ਹਦਾਇਤਾਂ ਜਾਰੀ ਕਰ ਕੇ ਅਜਿਹੇ ਲੋਕਾਂ ਵਿਰੁੱਧ ਆਫਤ ਪ੍ਰਬੰਧ ਅਤੇ ਮਹਾਮਾਰੀ ਐਕਟ ਦੀਆਂ ਧਾਰਾਵਾਂ ਸਮੇਤ ਕਾਨੂੰਨੀ ਕਾਰਵਾਈ ਕਰਨ ਲਈ ਕਿਹਾ ਹੈ।

ਪੰਜਾਬ ਦੇ ਪੁਲਸ ਮੁਖੀ ਨੇ ਦੱਸਿਆ ਕਿ ਸਾਰੇ ਪੁਲਸ ਕਮਿਸ਼ਨਰਾਂ ਤੇ ਜ਼ਿਲਾ ਪੁਲਸ ਮੁਖੀਆਂ ਨੂੰ ਕਹਿ ਦਿੱਤਾ ਹੈ ਕਿ ਉਹ ਅੰਤਰਰਾਜੀ ਤਸਕਰੀ ਨੂੰ ਪੂਰੀ ਤਰ੍ਹਾਂ ਰੋਕਣ ਲਈ ਰੋਜ਼ਾਨਾ ਨਿਗਰਾਨੀ ਕਰਨ। ਇਸ ਦੇ ਨਾਲ ਸਾਰੇ ਪੁਲਸ ਕਮਿਸ਼ਨਰ ਤੇ ਆਈ ਜੀਜ਼ ਵੱਲੋਂ ਉਨ੍ਹਾਂ ਦੇ ਖੇਤਰਾਂ ਹੇਠਲੇ ਜ਼ਿਲਿਆਂ ਦੀਆਂ ਇਸ ਬਾਰੇ ਮਾਸਿਕ ਰਿਪੋਰਟ ਬਿਨਾਂ ਦੇਰੀ ਹਰ ਮਹੀਨੇ ਦੀ ਪੰਜ ਤਰੀਕ ਤੋਂ ਪਹਿਲਾਂ ਐਡੀਸ਼ਨਲ ਡਾਇਰੈਕਟਰ ਜਨਰਲ ਪੁਲਸ (ਏ ਡੀ ਜੀ ਪੀ ਲਾਅ ਐਂਡ ਆਰਡਰ) ਨੂੰ ਭੇਜੀ ਜਾਵੇ। ਉਨ੍ਹਾਂ ਕਿਹਾ ਕਿ ਸਬ ਡਵੀਜ਼ਨਾਂ ਦੇ ਡੀ ਐੱਸ ਪੀਜ਼ ਅਤੇ ਥਾਣਾ ਮੁਖੀਆਂ ਨਾਲ ਵੀਡੀਓ ਕਾਫਰੰਸ ਕਰ ਕੇ ਉਨ੍ਹਾਂ ਨੂੰ ਇਹ ਸਪੱਸ਼ਟ ਨਿਰਦੇਸ਼ ਦੇ ਦਿੱਤੇ ਹਨ ਕਿ ਜੇ ਉਨ੍ਹਾਂ ਦੇ ਅਧਿਕਾਰ ਖੇਤਰ ਵਿੱਚ ਸ਼ਰਾਬ ਦੀ ਕੋਈ ਗੈਰ ਕਾਨੂੰਨੀ ਫੈਕਟਰੀ ਚੱਲਦੀ ਫੜੀ ਗਈ, ਜਿਵੇਂ ਪਿੱਛੇ ਜਿਹੇ ਖੰਨਾ ਤੇ ਰਾਜਪੁਰਾ 'ਚ ਹੋਇਆ ਹੈ ਤਾਂ ਸੰਬੰਧਤ ਅਫਸਰਾਂ ਨੂੰ ਹੋਰ ਥਾਂ ਤਬਦੀਲ ਕਰ ਕੇ ਉਨ੍ਹਾਂ ਦੇ ਖਿਲਾਫ ਕਾਨੂੰਨੀ ਤੇ ਵਿਭਾਗੀ ਕਾਰਵਾਈ ਹੋਵੇਗੀ ਅਤੇ ਅਜਿਹਾ ਅਫਸਰ ਭਵਿੱਖ ਵਿੱਚ ਐੱਸ ਐੱਚ ਓ ਲੱਗਣ ਤੇ ਜਨਤਕ ਡੀਲਿੰਗ ਦੀ ਨਿਯੁਕਤੀ ਦੇ ਆਯੋਗ ਹੋ ਜਾਵੇਗਾ।




# ਅਮਰੀਕਾ ਨੇ ਚੀਨੀ ਕੰਪਨੀ ਹੁਵਾਵੇਈ ਉੱਤੇ ਨਵੀਂ ਰੋਕ ਲਾਈ




ਬੋਸਟਨ, 17 ਮਈ (ਪੋਸਟ ਬਿਊਰੋ)- ਅਮਰੀਕਾ ਸਰਕਾਰ ਨੇ ਚੀਨ ਦੇ ਟੈਕਨਾਲੋਜੀ ਖੇਤਰ ਦੀ ਦਿੱਗਜ ਕੰਪਨੀ ਹੁਵਾਵੇਈ ਉੱਤੇ ਇੱਕ ਹੋਰ ਨਵੀਂ ਰੋਕ ਲਾ ਦਿੱਤੀ ਹੈ। ਇਸ ਨਵੀਂ ਰੋਕ ਦੇ ਤਹਿਤ ਹੁਵਾਵੇਈ ਲਈ ਅਮਰੀਕੀ ਤਕਨੀਕ ਦੀ ਵਰਤੋਂ ਕਰਨ ਦੀ ਸਮਰੱਥਾ 'ਤੇ ਰੋਕ ਲਾਈ ਗਈ ਹੈ। ਸਮਝਿਆ ਜਾਂਦਾ ਹੈ ਕਿ ਇਸ ਨਾਲ ਉਦਯੋਗ ਵਿਕਾਸ ਅਤੇ ਸੁਰੱਖਿਆ ਦੇ ਮੁੱਦੇ ਉੱਤੇ ਅਮਰੀਕਾ-ਚੀਨ ਦਾ ਵਿਵਾਦ ਹੋਰ ਵਧ ਸਕਦਾ ਹੈ।

ਇਸ ਸੰਬੰਧ ਵਿੱਚ ਅਮਰੀਕਾ ਦੇ ਵਪਾਰ ਮੰਤਰੀ ਵਿਲਬਰ ਰਾਸ ਨੇ ਸਾਫ ਕਿਹਾ ਹੈ ਕਿ ਹੁਵਾਵੇਈ 'ਤੇ ਵਿਦੇਸ਼ਾਂ 'ਚ ਸੈਮੀ-ਕੰਡਕਟਰ ਦੇ ਡਿਜ਼ਾਈਨ ਤੇ ਉਤਪਾਦਨ ਲਈ ਅਮਰੀਕੀ ਤਕਨੀਕ ਦੀ ਵਰਤੋਂ ਬਾਰੇ ਪਹਿਲਾਂ ਹੀ ਰੋਕ ਲਾਈ ਗਈ ਸੀ। ਅਮਰੀਕਾ ਚਾਹੁੰਦਾ ਹੈ ਕਿ ਹੁਵਾਵੇਈ ਪਹਿਲੀ ਰੋਕ ਤੋਂ ਬਚ ਨਹੀਂ ਸਕੇ। ਵਪਾਰ ਮੰਤਰੀ ਰਾਸ ਨੇ ਦੱਸਿਆ ਹੈ ਕਿ ਇੱਕ ਕਾਫੀ ਉੱਚ ਪੱਧਰ ਦੀ ਤਕਨੀਕੀ ਕਮੀ ਹੈ, ਜਿਸ ਨਾਲ ਹੁਵਾਵੇਈ ਅਮਰੀਕੀ ਤਕਨੀਕ ਨੂੰ ਪ੍ਰਭਾਵਤ ਕਰਨ ਵਿੱਚ ਸਫਲ ਰਹੀ ਹੈ। ਉਨ੍ਹਾਂ ਕਿਹਾ ਕਿ ਅਸੀਂ ਕਦੇ ਨਹੀਂ ਚਾਹੁੰਦੇ ਸੀ ਕਿ ਇਸ ਤਰ੍ਹਾਂ ਦੀ ਕਮੀ ਰਹੇ। ਅਮਰੀਕੀ ਅਧਿਕਾਰੀ ਕਹਿੰਦੇ ਰਹੇ ਹਨ ਕਿ ਹੁਵਾਵੇਈ ਕੰਪਨੀ ਸਾਡੇ ਦੇਸ਼ ਲਈ ਖਤਰਾ ਹੈ, ਪਰ ਕੰਪਨੀ ਨੇ ਇਨ੍ਹਾਂ ਦੋਸ਼ਾਂ ਨੂੰ ਨਕਾਰਿਆ ਹੈ। ਉਥੇ ਹੀ ਚੀਨ ਦਾ ਕਹਿਣਾ ਹੈ ਕਿ ਅਮਰੀਕਾ ਸੁਰੱਖਿਆ ਚਿਤਾਵਨੀ ਦੀ ਦੁਰਵਰਤੋਂ ਕਰ ਕੇ ਅਮਰੀਕੀ ਤਕਨੀਕੀ ਕੰਪਨੀਆਂ ਲਈ ਚੁਣੌਤੀ ਬਣ ਰਹੀ ਹੁਵਾਵੇਈ ਨੂੰ ਨੁਕਸਾਨ ਪਹੁੰਚਾਉਣਾ ਚਾਹੁੰਦਾ ਹੈ।

# ਪ੍ਰਧਾਨ ਮੰਤਰੀ ਆਮ ਲੋਕਾਂ ਵਾਂਗ ਕਾਫੀ ਪੀਣ ਗਈ, ਥਾਂ ਨਹੀਂ ਮਿਲੀ ਤਾਂ ਬਾਹਰ ਆ ਗਈ



ਆਕਲੈਂਡ, 17 ਮਈ (ਪੋਸਟ ਬਿਊਰੋ)- ਨਿਯਮਾਂ ਦੇ ਮਾਮਲੇ ਵਿੱਚ ਉਨ੍ਹਾਂ ਦਾ ਪਾਲਣ ਕਰਨ ਲਈ ਲੋਕ ਤੇ ਨੇਤਾ ਬਰਾਬਰ ਹੋਣੇ ਚਾਹੀਦੇ ਹਨ, ਪਰ ਇੰਝ ਬਹੁਤੇ ਦੇਸ਼ਾਂ ਵਿੱਚ ਹੁੰਦਾ ਨਹੀਂ। ਇਸ ਦੇ ਉਲਟ ਕਈ ਵਿਕਸਤ ਦੇਸ਼ ਅਜਿਹੀ ਮਿਸਾਲ ਪੇਸ਼ ਕਰ ਦਿੰਦੇ ਹਨ ਕਿ ਆਪਣੇ ਨੇਤਾਵਾਂ ਨੂੰ ਆਮ ਦੁਕਾਨਦਾਰ ਵੀ ਨਿਯਮਾਂ ਦਾ ਪਾਠ ਪੜ੍ਹਾ ਦਿੰਦੇ ਹਨ।

ਕੱਲ੍ਹ ਨਿਊਜ਼ੀਲੈਂਡ ਵਿੱਚ ਅਜਿਹੀ ਘਟਨਾ ਦੇਸ਼ ਦੀ ਪ੍ਰਧਾਨ ਮੰਤਰੀ ਜੈਸਿੰਡਾ ਆਰਡਨ ਨਾਲ ਹੋਈ। ਉਹ ਸਵੇਰੇ ਦੇਸ਼ ਦੀ ਰਾਜਧਾਨੀ ਵਿਖੇ ਇੱਕ ਕੌਫੀ ਸ਼ਾਪ ਉਤੇ ਆਪਣੇ ਪਤੀ ਨਾਲ ਕੈਫੀ ਦਾ ਕੱਪ ਲੈਣ ਗਈ ਸੀ। ਓਥੇ ਕੋਰੋਨਾ ਵਾਇਰਸ ਦੇ ਕਾਰਨ ਲੈਵਲ-2 ਦੇ ਨਿਯਮ ਲਾਗੂ ਸਨ ਅਤੇ 10 ਤੋਂ ਵੱਧ ਲੋਕਾਂ ਦੇ ਇਕੱਠ ਦੀ ਮਨਾਹੀ ਸੀ। ਜਦੋਂ ਪ੍ਰਧਾਨ ਮੰਤਰੀ ਕੌਫੀ ਲੈਣ ਪਹੁੰਚੀ ਤਾਂ ਦੁਕਾਨ ਦੇ ਸਟਾਫ ਨੇ ਕਿਹਾ ਕਿ ਅਜੇ ਤੁਸੀਂ ਕੌਫੀ ਸ਼ਾਪ ਦੇ ਅੰਦਰ ਨਹੀਂ ਆ ਸਕਦੇ ਕਿਉਂਕਿ 10 ਤੋਂ ਵੱਧ ਲੋਕ ਦੁਕਾਨ ਅੰਦਰ ਇਕੱਠੇ ਕਰਨ ਦੀ ਮਨਾਹੀ ਹੈ। ਸਮਾਜਕ ਫਾਸਲੇ ਦਾ ਧਿਆਨ ਰੱਖਦਿਆਂ ਇਹ ਨਿਯਮ ਹਰ ਥਾਂ ਲਾਗੂ ਕਰਨ ਵਿੱਚ ਦੁਕਾਨਦਾਰਾਂ ਨੇ ਪੂਰਾ ਯੋਗਦਾਨ ਪਾਇਆ। ਪ੍ਰਧਾਨ ਮੰਤਰੀ ਜੈਸਿੰਡਾ ਆਰਡਨ ਤੇ ਉਸ ਦੇ ਪਤੀ ਨੇ ਨਿਯਮਾਂ ਦਾ ਪਾਲਣ ਕਰਦਿਆਂ ਉਥੇ ਕੁਝ ਸਮਾਂ ਉਡੀਕ ਕੀਤੀ ਤੇ ਫਿਰ ਚਲੇ ਗਏ। ਐਨੇ ਨੂੰ ਦੋ ਗਾਹਕਾਂ ਦੇ ਜਾਣ ਬਾਅਦ ਕੌਫੀ ਸ਼ਾਪ ਦੇ ਅੰਦਰ ਥਾਂ ਵਿਹਲੀ ਹੋਈ ਤਾਂ ਸਟਾਫ ਨੇ ਜਾ ਕੇ ਕਿਹਾ ਕਿ ਆ ਜਾਓ ਜਗ੍ਹਾ ਖਾਲੀ ਹੋ ਗਈ ਹੈ। ਕਿਸੇ ਨੇ ਇਹ ਕੁਝ ਟਵਿੱਟਰ 'ਤੇ ਪਾ ਦਿੱਤਾ ਤਾਂ ਪ੍ਰਧਾਨ ਮੰਤਰੀ ਦੇ ਪਤੀ ਨੇ ਅਸਿੱਧੇ ਰੂਪ ਵਿੱਚ ਆਪਣੀ ਜ਼ਿੰਮੇਵਾਰੀ ਸਮਝਦਿਆਂ ਕਿਹਾ ਕਿ ਅਸੀਂ ਕੌਫੀ ਵਾਸਤੇ ਅਗਾਊਂ ਪ੍ਰਬੰਧ ਜਾਂ ਬੁਕਿੰਗ ਨਹੀਂ ਕੀਤੀ ਸੀ।

# ਪਾਕਿਸਤਾਨੀ ਡਾਕਟਰ ਅਮਰੀਕਾ ਵਿੱਚ ਹਮਲੇ ਦੀ ਤਾਕ ਵਿੱਚ ਕਾਬੂ ਆ ਗਿਆ



ਵਾਸ਼ਿੰਗਟਨ, 17 ਮਈ (ਪੋਸਟ ਬਿਊਰੋ)- ਅਮਰੀਕਾ ਵਿੱਚ ਐੱਚ-1ਬੀ ਵੀਜ਼ਾ 'ਤੇ ਆਏ ਇੱਕ ਪਾਕਿਸਤਾਨੀ ਡਾਕਟਰ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਉਹ ਅਮਰੀਕਾ ਵਿੱਚ ਅੱਤਵਾਦੀ ਹਮਲੇ ਦੀ ਤਾਕ ਵਿੱਚ ਸੀ। ਫੈਡਰਲ ਗ੍ਰਾਂਡ ਜਿਊਰੀ ਨੇ ਉਸ 'ਤੇ ਅੱਤਵਾਦੀ ਸੰਗਠਨ ਆਈ ਐੱਸ ਪ੍ਰਤੀ ਵਫਾਦਾਰੀ ਦੀ ਸਹੁੰ ਚੁੱਕਣ ਅਤੇ ਅਮਰੀਕਾ ਵਿੱਚ ਇਕੱਲੇ ਅੱਤਵਾਦੀ ਹਮਲੇ ਕਰਨ ਦੀ ਸਾਜ਼ਿਸ਼ ਰਚਣ ਦੇ ਦੋਸ਼ ਤੈਅ ਕੀਤੇ ਹਨ।

ਪੇਸ਼ ਕੀਤੇ ਗਏ ਮੁਕੱਦਮੇ ਅਨੁਸਾਰ ਪਾਕਿਸਤਾਨ ਦਾ ਲਾਇਸੈਂਸ ਧਾਰਕ ਡਾਕਟਰ ਮੁਹੰਮਦ ਮਸੂਦ ਮਿਨੇਸੋਟਾ ਦੇ ਰੋਚੈਸਟਰ ਵਿੱਚ ਇੱਕ ਮੈਡੀਕਲ ਕਲੀਨਿਕ ਵਿੱਚ ਖੋਜ ਕੋਆਰਡੀਨੇਟਰ ਵਜੋਂ ਕੰਮ ਕਰ ਰਿਹਾ ਸੀ। 28 ਸਾਲਾ ਮਸੂਦ ਦੇ ਖਿਲਾਫ ਮੁਕੱਦਮੇ ਦਾ ਐਲਾਨ ਅਮਰੀਕੀ ਅਟਾਰਨੀ ਐਰਿਕ ਮੈਕਡੋਨਾਲਡ ਨੇ ਕੀਤਾ। ਮਸੂਦ ਨੂੰ 19 ਮਾਰਚ ਨੂੰ ਮਿਨੇਸੋਟਾ ਦੇ ਏਅਰਪੋਰਟ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਉਹ ਅਮਰੀਕਾ ਵਿੱਚ ਅੱਤਵਾਦੀ ਹਮਲੇ ਕਰਨ ਦੀ ਤਾਕ ਵਿੱਚ ਸੀ। ਉਹ 19 ਮਾਰਚ ਨੂੰ ਰੋਚੈਸਟਰ ਤੋਂ ਮਿਨੀਆਪੋਲਿਸ ਦੇ ਏਅਰਪੋਰਟ 'ਤੇ ਪਹੁੰਚਿਆ, ਪਰ ਅੱਗੇ ਦੀ ਯਾਤਰਾ ਤੋਂ ਪਹਿਲਾਂ ਹੀ ਐਫ ਬੀ ਆਈ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ ਸੀ।

# ਕੋਰੋਨਾ ਦੀ ਮਾਰ ਦੌਰਾਨ ਬਰਾਜ਼ੀਲ ਦੇ ਸਿਹਤ ਮੰਤਰੀ ਦਾ ਅਸਤੀਫਾ



ਬਰਾਸੀਲੀਆ, 17 ਮਈ (ਪੋਸਟ ਬਿਊਰੋ)- ਕੋਰੋਨਾ ਦੀ ਮਹਾਮਾਰੀ ਦੇ ਕਹਿਰ ਦੇ ਦੌਰਾਨ ਹੀ ਬਰਾਜ਼ੀਲ ਦੇ ਸਿਹਤ ਮੰਤਰੀ ਨੈਲਸਨ ਟੀਚ ਨੇ ਬੀਤੇ ਦਿਨੀਂ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਦਾ ਅਸਤੀਫਾ ਰਾਸ਼ਟਰਪਤੀ ਜੇਰ ਬੋਲਸੋਨਾਰੋ ਦੀ ਉਸ ਮੰਗ ਪਿੱਛੋਂ ਆਇਆ ਹੈ ਜਿਸ ਵਿੱਚ ਉਨ੍ਹਾਂ ਨੇ ਕੋਰੋਨਾ ਮਰੀਜ਼ਾਂ 'ਤੇ ਮਲੇਰੀਆ ਰੋਕੂ ਦਵਾਈ ਦੀ ਵਰਤੋਂ ਲਈ ਨਵੀਂ ਗਾਈਡਲਾਈਨ ਜਾਰੀ ਕਰਨ ਦੀ ਮੰਗ ਕੀਤੀ ਸੀ।

ਇੱਕ ਮਹੀਨੇ ਵਿੱਚ ਇਹ ਦੂਜੀ ਵਾਰ ਹੈ ਕਿ ਇਸ ਦੇਸ਼ ਦੇ ਸਿਹਤ ਮੰਤਰੀ ਨੂੰ ਅਹੁਦਾ ਛੱਡਣਾ ਪਿਆ ਹੈ। ਇਸ ਤੋਂ ਪਹਿਲਾਂ ਰਾਸ਼ਟਰਪਤੀ ਨੇ ਸਾਬਕਾ ਸਿਹਤ ਮੰਤਰੀ ਲੁਈਜ਼ ਹੈਨਰਿਕ ਮੈਂਡੇਟਾ ਨੂੰ ਬਰਖਾਸਤ ਕਰ ਦਿੱਤਾ ਸੀ। ਸਿਹਤ ਮੰਤਰੀ ਦੇ ਅਸਤੀਫੇ ਦਾ ਜਿੱਥੇ ਲੋਕਾਂ ਨੇ ਭਾਂਡੇ ਖੜਕਾ ਕੇ ਵਿਰੋਧ ਕੀਤਾ, ਉਥੇ ਸਿਹਤ ਮਾਹਰਾਂ ਨੇ ਇਸ ਬਾਰੇ ਨਾਰਾਜ਼ਗੀ ਪ੍ਰਗਟ ਕੀਤੀ ਹੈ। ਐਡੂਆਰਡੋ ਪਜ਼ੂਏਲੋ, ਜਿਨ੍ਹਾਂ ਕੋਲ ਅਪ੍ਰੈਲ ਵਿੱਚ ਸਿਹਤ ਮੰਤਰਾਲੇ ਦੇ ਨੰਬਰ ਦੋ ਅਧਿਕਾਰੀ ਬਣਨ ਤੱਕ ਇਸ ਖੇਤਰ ਦਾ ਕੋਈ ਅਨੁਭਵ ਨਹੀਂ ਸੀ, ਨੂੰ ਹਾਲੇ ਅੰਤਰਿਮ ਮੰਤਰੀ ਬਣਾਇਆ ਗਿਆ ਹੈ। ਨੈਲਸਨ ਟੀਚ ਨੇ ਅਹੁਦਾ ਛੱਡਣ ਦਾ ਕੋਈ ਕਾਰਨ ਨਹੀਂ ਦੱਸਿਆ, ਜਦ ਕਿ ਰਾਸ਼ਟਰਪਤੀ ਬੋਲਸੋਨਾਰੋ ਦੇ ਚੀਫ ਆਫ ਸਟਾਫ ਵਾਲਟਰ ਬ੍ਰਾਗਾ ਨੇਟੋ ਨੇ ਕਿਹਾ ਹੈ ਕਿ ਟੀਚ ਨੇ ਨਿੱਜੀ ਕਾਰਨਾਂ ਕਰ ਕੇ ਅਸਤੀਫਾ ਦਿੱਤਾ ਹੈ।

ਇਸ ਦੌਰਾਨ ਮੰਨਿਆ ਜਾ ਰਿਹਾ ਹੈ ਕਿ ਬਰਾਜ਼ੀਲ ਵਿੱਚ ਕੋਰੋਨਾ ਦੀ ਇਨਫੈਕਸ਼ਨ ਦੇ ਕੇਸਾਂ ਵਿੱਚ ਵਾਧਾ ਜਾਰੀ ਰਿਹਾ ਤਾਂ ਜਲਦੀ ਹੀ ਕੋਰੋਨਾ ਪ੍ਰਭਾਵਤ ਕੇਸਾਂ ਵਿੱਚ ਬਰਾਜ਼ੀਲ ਫਰਾਂਸ ਅਤੇ ਤੋਂ ਅੱਗੇ ਨਿਕਲ ਜਾਵੇਗਾ।

# ਅਥਲੀਟ ਕਮਿਸ਼ਨ ਦੀਆਂ ਚੋਣਾਂ ਇੱਕ ਸਾਲ ਲਈ ਮੁਲਤਵੀ



ਲੁਸਾਨੇ, 16 ਮਈ (ਪੋਸਟ ਬਿਊਰੋ)- ਕੌਮਾਂਤਰੀ ਉਲੰਪਿਕ ਕਮੇਟੀ (ਆਈ ਓ ਸੀ) ਨੇ ਅਥਲੀਟ ਕਮਿਸ਼ਨ ਦੀਆਂ ਚੋਣਾਂ ਨੂੰ ਇੱਕ ਸਾਲ ਲਈ ਮੁਲਤਵੀ ਕਰ ਦਿੱਤਾ ਹੈ। ਇਹ ਚੋਣਾਂ ਇਸ ਸਾਲ ਹੋਣੀਆਂ ਸਨ, ਜਿਸ ਵਿੱਚ ਆਈ ਓ ਸੀ ਦੇ ਲਈ 30 ਉਮੀਦਵਾਰਾਂ ਦੀ ਚੋਣ ਚਾਰ ਅਹੁਦਿਆਂ ਲਈ ਹੋਣੀ ਸੀ। ਕੋਰੋਨਾ ਵਾਇਰਸ ਮਹਾਂਮਾਰੀ ਕਾਰਨ ਟੋਕੀਓ ਉਲੰਪਿਕ ਦੇ ਇੱਕ ਸਾਲ ਲਈ ਸਸਪੈਂਡ ਹੋਣ ਤੋਂ ਬਾਅਦ ਆਈ ਓ ਸੀ ਕਾਰਜਕਾਰੀ ਬੋਰਡ (ਈ ਬੀ) ਨੇ ਅਥਲੀਟ ਕਮਿਸ਼ਨ ਦੀਆਂ ਚੋਣਾਂ ਨੂੰ ਵੀ ਅੱਗੇ ਵਧਾਉਣ ਦਾ ਫੈਸਲਾ ਲਿਆ ਹੈ।

ਇਸ ਬਾਰੇ ਆਈ ਓ ਸੀ ਦੇ ਮੁਖੀ ਥਾਮਸ ਬਾਕ ਨੇ ਕਿਹਾ ਕਿ ਈ ਬੀ ਇਸ ਗੱਲ ਬਾਰੇ ਇਕਮੱਤ ਹੈ ਕਿ ਇਹ ਇੱਕ ਮੁਸ਼ਕਲ ਸਮਾਂ ਹੈ ਤੇ ਸਾਨੂੰ ਕਮਿਸ਼ਨ 'ਚ ਅਥਲੀਟਾਂ ਦੀ ਪੂਰੀ ਪ੍ਰਤੀਨਿਧਤਾ ਦੀ ਲੋੜ ਹੈ। ਇਸ ਸਮੇਂ ਅਥਲੀਟਾਂ ਦੀ ਆਵਾਜ਼ ਕਾਫੀ ਮਹੱਤਵ ਪੂਰਨ ਹੈ ਤੇ ਸਾਡੇ ਕੋਲ ਕੋਈ ਵੀ ਖ਼ਾਲੀ ਅਹੁਦਾ ਨਹੀਂ ਹੋਣਾ ਚਾਹੀਦਾ। ਜਿਨ੍ਹਾਂ ਚਾਰ ਅਥਲੀਟਾਂ ਨੂੰ ਉਨ੍ਹਾਂ ਦੇ ਸਾਥੀਆਂ ਵੱਲੋਂ ਚੁਣਿਆ ਜਾਵੇਗਾ, ਉਹ ਇਨ੍ਹਾਂ ਚਾਰ ਮੈਂਬਰਾਂ ਦੀ ਜਗ੍ਹਾ ਲੈਣਗੇ, ਜਿਨ੍ਹਾਂ ਵਿੱਚ ਆਈ ਓ ਸੀ, ਏ ਸੀ ਚੇਅਰ ਕਸਟਰੀ (ਜ਼ਿੰਬਾਬਵੇ), ਵਾਈਸ-ਚੇਅਰ ਡੰਕਾ ਬਾਰਟੇਕੋਵਾ (ਸਾਲੋਵਾਕੀਆ), ਟੋਨੀ ਅਸਟੂੰਗੇਟ (ਫਰਾਂਸ) ਅਤੇ ਜੇਮਸ ਏਸਿਕਨਸ (ਆਸਟ੍ਰੇਲੀਆ) ਸ਼ਾਮਲ ਹਨ। ਆਈ ਓ ਸੀ ਦੇ ਅਥਲੀਟ ਕਮਿਸ਼ਨ 'ਚ 23 ਮੈਂਬਰ ਹੁੰਦੇ ਹਨ। ਇਨ੍ਹਾਂ 'ਚੋਂ 12 ਮੈਂਬਰ ਸਿੱਧੇ ਆਪਣੇ ਸਾਥੀਆਂ ਵੱਲੋਂ ਚੁਣੇ ਜਾਂਦੇ ਹਨ, ਜਦੋਂ ਕਿ 11 ਹੋਰਾਂ ਦੀ ਨਿਯੁਕਤੀ ਹੁੰਦੀ ਹੈ। ਇਨ੍ਹਾਂ ਦਾ ਕਾਰਜਕਾਲ ਵੱਧ ਤੋਂ ਵੱਧ ਅੱਠ ਸਾਲ ਲਈ ਹੁੰਦਾ ਹੈ। ਹਰ ਉਲੰਪਿਕ ਦੇ ਸਮੇਂ ਇਹ ਚੋਣਾਂ ਕਰਵਾਈਆਂ ਜਾਂਦੀਆਂ ਹਨ।

# ਸਿਗਰਟਨੋਸ਼ੀ ਤੇ ਸੀ ਓ ਪੀ ਡੀ ਦੇ ਮਰੀਜ਼ਾਂ ਲਈ ਕੋਰੋਨਾ ਵੱਧ ਮਾਰੂ

ਲੰਡਨ, 17 ਮਈ (ਪੋਸਟ ਬਿਊਰੋ)- ਬਰਤਾਨੀਆ ਵਿੱਚ ਹੋਏ ਇੱਕ ਅਧਿਐਨ ਮੁਤਾਬਕ ਸਿਗਰਟਨੋਸ਼ੀ ਕਰਨ ਵਾਲਿਆਂ ਅਤੇ ਸੀ ਓ ਪੀ ਡੀ (ਕ੍ਰੋਨਿਕ ਆਬਸਟ੍ਰਕਟਿਵ ਪਲਮਨਰੀ ਡਿਸਆਰਡਰ) ਦੇ ਮਰੀਜ਼ਾਂ 'ਚ ਕੋਵਿਡ-19 ਕਾਰਨ ਮੌਤ ਹੋਣ ਦਾ ਖਤਰਾ ਵੱਧ ਹੁੰਦਾ ਹੈ। ਅਜਿਹੇ ਲੋਕਾਂ ਵਿੱਚ ਵਾਇਰਸ ਦੇ ਲੱਛਣ ਵੀ ਵੱਧ ਗੰਭੀਰ ਹੁੰਦੇ ਹਨ। ਸੀ ਓ ਪੀ ਡੀ ਫੇਫੜਿਆਂ ਦੀ ਬਿਮਾਰੀ ਹੈ, ਜਿਸ ਵਿੱਚ ਮਰੀਜ਼ ਨੂੰ ਸਾਹ ਲੈਣ ਦੀ ਔਕ ਮਹਿਸੂਸ ਹੁੰਦੀ ਹੈ। ਇਹ ਅਧਿਐਨ ਯੂਨੀਵਰਸਿਟੀ ਕਾਲਜ ਲੰਡਨ ਦੇ ਜੇਬਰ ਅਲਕਾਤਨੀ ਅਤੇ ਉਨ੍ਹਾਂ ਦੇ ਸਾਥੀਆਂ ਨੇ ਕੀਤਾ ਹੈ। ਇਸ ਨੂੰ ਵਿਗਿਆਨ ਪੱਤ੍ਰਿਕਾ ਪੀ ਐੱਲ ਓ ਐੱਸ ਵਨ ਵਿੱਚ ਛਾਪਿਆ ਗਿਆ ਹੈ। ਕੋਵਿਡ 19 ਦਾ ਕਾਰਨ ਬਣਨ ਵਾਲੇ ਕੋਰੋਨਾ ਵਾਇਰਸ ਦੀ ਲਪੇਟ 'ਚ ਆਉਣ ਨਾਲ ਲੋਕਾਂ ਨੂੰ ਸਾਹ ਲੈਣ ਵਿੱਚ ਦਿੱਕਤ ਦਾ ਸਾਹ-ਮਣਾ ਕਰਨਾ ਪੈਂਦਾ ਹੈ। ਅਜਿਹੇ ਵਿੱਚ ਸੀ ਓ ਪੀ ਡੀ ਦੇ ਮਰੀਜ਼ਾਂ 'ਤੇ ਇਸ ਦਾ ਖਤਰਾ ਵੱਧ ਹੁੰਦਾ ਹੈ। ਦੁਨੀਆ ਭਰ ਵਿੱਚ ਕਰੀਬ 25 ਕਰੋੜ ਲੋਕ ਸੀ ਓ ਪੀ ਡੀ ਨਾਲ ਪੀੜਤ ਹਨ। ਵਿਗਿਆਨੀਆਂ ਦਾ ਕਹਿਣਾ ਹੈ ਕਿ ਸੀ ਓ ਪੀ ਡੀ ਮਰੀਜ਼ਾਂ ਵਿੱਚ ਕੋਰੋਨਾ ਦੇ ਲੱਛਣ ਗੰਭੀਰ ਹੋਣ ਦਾ ਖਤਰਾ 63 ਫੀਸਦੀ ਅਤੇ ਜਾਨ ਜਾਣ ਦਾ ਖਤਰਾ 60 ਫੀਸਦੀ ਤੱਕ ਰਹਿੰਦਾ ਹੈ। ਬਿਨਾਂ ਸੀ ਓ ਪੀ ਡੀ ਵਾਲੇ ਮਰੀਜ਼ਾਂ ਵਿੱਚ ਲੱਛਣਾਂ ਦੇ ਗੰਭੀਰ ਹੋਣ ਦਾ ਖਦਸ਼ਾ 33.4 ਫੀਸਦੀ ਹੁੰਦਾ ਹੈ। ਸਿਗਰਟਨੋਸ਼ੀ ਕਰਨ ਵਾਲਿਆਂ ਵਿੱਚ ਵੀ ਹੋਰਨਾਂ ਦੇ ਮੁਕਾ-ਬਲੇ ਵਿੱਚ ਲੱਛਣਾਂ ਦੇ ਗੰਭੀਰ ਹੋਣ ਦਾ ਖਦਸ਼ਾ ਡੇਢ ਗੁਣਾ ਤੱਕ ਜ਼ਿਆਦਾ ਹੁੰਦਾ ਹੈ।


## GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

| 40k Deposit Structure | |
|---|---|
| | $10,000 Submitted with offer |
| | $10,000 Submitted 90 days after Offer Date |
| | $20,000 Submitted 150 days after Offer Date |

Jagdish Grewal
Sales Representative



Residential | Commercial | Investment

(416) 970-5005

Century 21 President Realty Inc Brokerage* Independently Owned and Operated.

www.vipcondonetwork.com
27 Armthorpe Rd Brampton #3, ON L6T 5M4 | Fax : 905-488-2101

Office: 905-488-2100 Ext. 348


# ਫਿਲਮੀ ਦੁਨੀਆ

## ਕਾਮੇਡੀ ਫਿਲਮ ਵਿੱਚ ਨਜ਼ਰ ਆਉਣਗੇ ਸੰਜੇ-ਅਰਸ਼ਦ

ਸੰਜੇ ਦੱਤ ਅਤੇ ਅਰਸ਼ਦ ਵਾਰਸੀ ਦੇ ਫੈਨ ਲੰਬੇ ਸਮੇਂ ਤੋਂ 'ਮੁੰਨਾਭਾਈ' ਸੀਰੀਜ਼ ਦੀ ਅਗਲੀ ਫਿਲਮ ਦੇ ਲਈ ਇੰਤਜ਼ਾਰ ਕਰ ਰਹੇ ਹਨ। ਹੁਣ ਸੁਣਨ ਵਿੱਚ ਆਇਆ ਹੈ ਕਿ ਦੋਵੇਂ ਜਦ ਹੀ ਇੱਕ ਕਾਮੇਡੀ ਫਿਲਮ ਵਿੱਚ ਇਕੱਠੇ ਨਜ਼ਰ ਆਉਣਗੇ ਜਿਸ ਦੀ ਕਹਾਣੀ ਗੋਆ ਵਿੱਚ ਸੈਟ ਹੋਵੇਗੀ।

ਇਸ ਦੀ ਕਹਾਣੀ ਫਰਹਾਦ ਸਾਮਜੀ ਨੇ ਲਿਖੀ ਹੈ। ਪਹਿਲਾਂ ਇਹ ਫਿਲਮ ਬੁਢਾਪੇਸਟ ਵਿੱਚ ਸੈੱਟ ਸੀ, ਪਰ ਹੁਣ ਕੋਰੋਨਾ ਵਾਇਰਸ ਦੇ ਕਾਰਨ ਇਸ ਦੇ ਪਲਾਟ ਵਿੱਚ ਥੋੜ੍ਹਾ ਜਿਹਾ ਬਦਲਾਅ ਕੀਤਾ ਗਿਆ ਹੈ। ਫਰਹਾਦ ਇਸ ਦੀ ਸਕ੍ਰਿਪਟ 'ਤੇ ਅਜੇ ਕੰਮ ਕਰ ਰਹੇ ਹਨ। ਇਸ ਦੇ ਫਾਈਨਲ ਹੋਣ ਦੇ ਬਾਅਦ ਮੇਕਰਸ ਦੋਵਾਂ ਤੋਂ ਫ੍ਰੈਸ਼ ਡੇਟਸ ਮੰਗਣਗੇ।

ਇਸ ਤੋਂ ਪਹਿਲਾਂ ਅਰਸ਼ਦ ਨੇ ਇੱਕ ਇੰਟਰਵਿਊ ਵਿੱਚ ਦੱਸਿਆ ਸੀ ਕਿ ਇਸ ਫਿਲਮ ਵਿੱਚ ਸੰਜੇ ਦੱਤ ਇੱਕ ਅੰਨ੍ਹੇ ਡਾਨ ਦੇ ਰੋਲ ਵਿੱਚ ਨਜ਼ਰ ਆਉਣਗੇ ਅਤੇ ਅਰਸ਼ਦ ਉਨ੍ਹਾਂ ਨੂੰ ਪੂਰੀ ਫਿਲਮ ਵਿੱਚ ਗਾਈਡ ਕਰਦੇ ਦਿਖਾਈ ਦੇਣਗੇ।



## ਹਰ ਮੁਸ਼ਕਲ ਨੂੰ ਜਿੱਤਣਾ ਆਉਂਦਾ ਹੈ: ਲਾਰਾ ਦੱਤਾ



*ਫਿਲਮਾਂ ਦੇ ਬਾਅਦ ਅੱਜਕੱਲ੍ਹ ਲਾਰਾ ਦੱਤਾ ਨੇ ਡਿਜੀਟਲ ਪਲੇਟਫਾਰਮ 'ਤੇ ਕਦਮ ਰੱਖ ਦਿੱਤਾ ਹੈ। ਉਨ੍ਹਾਂ ਦੀ ਵੈਬ ਸੀਰੀਜ਼ 'ਹੰਡ੍ਰੇਡ' ਹੌਟਸਟਾਰ 'ਤੇ ਸਟ੍ਰੀਮਿੰਗ ਲਈ ਮੌਜੂਦ ਹੈ। ਇਸ ਵਿੱਚ ਪੁਲਸ ਅਫਸਰ ਦੇ ਕਿਰਦਾਰ, ਬਤੌਰ ਨਿਰਮਾਤਾ ਮਿਲ ਰਹੇ ਅਨੁਭਵਾਂ, ਲਾਕਡਾਊਨ ਵਿੱਚ ਪਤੀ ਮਹੇਸ਼ ਭੂਪਤੀ ਅਤੇ ਬੇਟੀ ਨਾਲ ਬੀਤ ਰਹੇ ਕੁਆਲਿਟੀ ਟਾਈਮ ਬਾਰੇ ਲਾਰਾ ਨਾਲ ਗੱਲਬਾਤ ਹੋਈ ਹੈ। ਪੇਸ਼ ਹਨ ਉਸੇ ਗੱਲਬਾਤ ਦੇ ਕੁਝ ਅੰਸ਼:*

* ਡਿਜੀਟਲ 'ਤੇ ਉਤਰਨ ਦਾ ਖਿਆਲ ਕਿਵੇਂ ਆਇਆ?

– ਅਜਿਹਾ ਨਹੀਂ ਸੀ ਕਿ ਮੈਂ ਡਿਜੀਟਲ ਡੈਬਿਊ ਲਈ ਕਿਸੇ ਸਕ੍ਰਿਪਟ ਦੀ ਭਾਲ ਵਿੱਚ ਸੀ। ਇਹ ਸਕ੍ਰਿਪਟ ਅਚਾਨਕ ਮੇਰੇ ਕੋਲ ਆਈ। ਮੈਨੂੰ ਇਸ ਵੈਬ ਸ਼ੋਅ ਨੂੰ ਕਰਨ ਦਾ ਖਿਆਲ ਚੰਗਾ ਲੱਗਾ, ਕਿਉਂਕਿ ਬੜੇ ਸਮੇਂ ਤੋਂ ਕਿਸੇ ਮਹਿਲਾ ਨਿਰਦੇਸ਼ਕ ਦੇ ਨਿਰਦੇਸ਼ਨ ਵਿੱਚ ਕੰਮ ਕਰਨ ਬਾਰੇ ਸੋਚ ਰਹੀ ਸੀ। ਸ਼ੋਅ ਦੀ ਡਾਇਰੈਕਟਰ ਰੁਚੀ ਨਾਰਾਇਣ ਨੂੰ ਮੈਂ ਕਈ ਸਾਲਾਂ ਤੋਂ ਜਾਣਦੀ ਹਾਂ। ਇਹ ਮਜਬੂਤ ਕਿਰਦਾਰ ਸੀ। ਕਾਫੀ ਸਮੇਂ ਤੋਂ ਪੁਲਸ ਅਫਸਰ ਦਾ ਕਿਰਦਾਰ ਕਰਨ ਦੀ ਵੀ ਇੱਛਾ ਸੀ।


* ਪੁਲਸ ਅਫਸਰ ਦੇ ਕਿਰਦਾਰ ਪ੍ਰਤੀ ਆਕਰਸ਼ਣ ਦੀ ਕੋਈ ਖਾਸ ਵਜ੍ਹਾ ਸੀ?

–ਮੇਰੇ ਪਿਤਾ ਤੇ ਭੈਣ ਏਅਰਫੋਰਸ ਵਿੱਚ ਰਹਿ ਚੁੱਕੇ ਹਨ। ਪਿਤਾ ਨੇ ਤਿੰਨ ਯੁੱਧ ਲੜੇ ਹਨ। ਭੈਣ ਕਾਰਗਿਲ ਯੁੱਧ ਵੇਲੇ ਸੇਵਾਵਾਂ ਦੇ ਚੁੱਕੀ ਹੈ। ਸੇਵਾ ਭਾਵ ਅਤੇ ਅਨੁਸ਼ਾਸਨ ਵਿੱਚ ਰਹਿਣਾ ਪਰਵਰਿਸ਼ ਤੇ ਜੀਵਨ ਦਾ ਹਿੱਸਾ ਹੈ। ਪੁਲਸ ਦੀ ਵਰਦੀ ਪਹਿਨਣਾ ਵੀ ਜ਼ਿੰਮੇਵਾਰੀ ਦਾ ਕੰਮ ਸੀ। ਕਿਰਦਾਰ ਦੀ ਤਿਆਰੀ ਵੇਲੇ ਕਈ ਅਸਲ ਮਹਿਲਾ ਪੁਲਸ ਅਫਸਰਾਂ ਨੂੰ ਮਿਲੇ ਤਾਂ ਉਨ੍ਹਾਂ ਨੇ ਕਿਹਾ ਕਿ ਫਿਲਮਾਂ ਵਿੱਚ ਡਿਜ਼ਾਈਨਰ ਲੋ-ਵੇਸਟ ਵਾਲੀ ਪੈਂਟਸ ਵਿੱਚ ਉਨ੍ਹਾਂ ਦਾ ਕਿਰਦਾਰ ਦਿਖਾਇਆ ਜਾਂਦਾ ਹੈ। ਇਸ ਲਈ ਅਸੀਂ ਛੋਟੀਆਂ-ਛੋਟੀਆਂ ਚੀਜ਼ਾਂ ਬਾਰੇ ਸੋਚਣਾ ਸੀ। ਮੇਰਾ ਕਿਰਦਾਰ ਕਿਸੇ ਪੁਲਸ ਅਫਸਰ ਤੋਂ ਪ੍ਰੇਰਿਤ ਨਹੀਂ ਹੈ।

## ਇਰਫਾਨ ਖਾਨ ਦੇ ਦਿਹਾਂਤ ਦੇ ਬਾਅਦ ਉਨ੍ਹਾਂ ਦੇ ਲਈ ਲਿਖੀ ਗਈ ਫਿਲਮ ਕਰਨਗੇ ਸੁਸ਼ਾਂਤ

ਨਿਰਦੇਸ਼ਕ ਆਨੰਦ ਗਾਂਧੀ ਇਰਫਾਨ ਖਾਨ ਨੂੰ ਲੈ ਕੇ ਇੱਕ ਫਿਲਮ ਬਣਾਉਣ ਜਾ ਰਹੇ ਸਨ। ਉਹ ਇਰਫਾਨ ਨੂੰ ਦਿਮਾਗ ਵਿੱਚ ਰੱਖ ਕੇ ਆਪਣੀ ਅਗਲੀ ਫਿਲਮ ਦੀ ਕਹਾਣੀ ਲਿਖ ਰਹੇ ਸਨ। ਇਸ ਦੀ ਸਕ੍ਰਿਪਟ 'ਤੇ ਪਿਛਲੇ ਪੰਜ ਸਾਲ ਤੋਂ ਕੰਮ ਚੱਲ ਰਿਹਾ ਸੀ, ਪਰ ਹਾਲ ਹੀ ਵਿੱਚ ਇਰਫਾਨ ਦੇ ਦਿਹਾਂਤ ਦੇ ਬਾਅਦ ਆਨੰਦ ਨੂੰ ਵੱਡਾ ਝਟਕਾ ਲੱਗਾ ਹੈ। ਇਰਫਾਨ ਦੇ ਬਾਅਦ ਹੁਣ ਉਹ ਇਸ ਫਿਲਮ ਦੇ ਲਈ ਸੁਸ਼ਾਂਤ ਸਿੰਘ ਰਾਜਪੂਤ ਨੂੰ ਕਾਸਟ ਕਰਨ ਦਾ ਵਿਚਾਰ ਕਰ ਰਹੇ ਹਨ। ਇਸ ਦੇ ਇਲਾਵਾ ਫਿਲਮ ਵਿੱਚ ਉਹ ਆਸਟਰੇਲੀਅਨ ਐਕਟਰ ਹਿਊਗੋ ਵੀਵਿੰਗ ਨੂੰ ਵੀ ਕਾਸਟ ਕਰਨਾ ਚਾਹੁੰਦੇ ਹਨ।

ਆਨੰਦ ਦੱਸਦੇ ਹਨ, ''ਅਸੀਂ ਇਸ ਫਿਲਮ ਦੀ ਕਹਾਣੀ ਦੇ ਜ਼ਰੀਏ ਮਹਾਮਾਰੀ ਦਾ ਅਸਲੀ ਰੂਪ ਦੱਸਣ ਦੀ ਕੋਸ਼ਿਸ਼ ਕਰ ਰਹੇ ਸੀ, ਪਰ ਹੁਣ ਅਜਿਹੀ ਹੀ ਇੱਕ ਮਹਾਮਾਰੀ ਸਾਡੇ ਵਿੱਚ ਹੀ ਹੈ। ਅਜਿਹੇ ਵਿੱਚ ਅਸੀਂ ਸਕ੍ਰਿਪਟ ਵਿੱਚ ਕੁਝ ਬਦਲਾਅ ਕਰਾਂਗੇ। ਹੁਣ ਇਸ ਦੇ ਜ਼ਰੀਏ ਦਰਸ਼ਕਾਂ ਨੂੰ ਮਹਾਮਾਰੀ ਦੇ ਬਾਅਦ ਦੀ ਜ਼ਿੰਦਗੀ ਦੇ ਬਾਰੇ ਵਿੱਚ ਦੱਸਣ ਦੀ ਕੋਸ਼ਿਸ਼ ਕਰਾਂਗੇ। ਮੈਂ ਚਾਹੁੰਦਾ ਸੀ ਕਿ ਇਸ ਫਿਲਮ ਵਿੱਚ ਇਰਫਾਨ ਖਾਨ ਹੋਣ, ਪਰ ਹੁਣ ਮੈਂ ਇਸ ਦੇ ਲਈ ਸੁਸ਼ਾਂਤ ਨੂੰ ਅਪਰੋਚ ਕਰਾਂਗੇ। ਉਨ੍ਹਾਂ ਦੇ ਇਲਾਵਾ ਫਿਲਮ ਵਿੱਚ ਚਾਰ ਅਭਿਨੇਤਰੀਆਂ ਵੀ ਹੋਣਗੀਆਂ।''




## ਸਿਰਫ ਸਕਸੈੱਸ ਹੀ ਨਹੀਂ, 'ਇਸ਼ਕਜ਼ਾਦੇ' ਨੇ ਮੈਨੂੰ ਕਾਨਫੀਡੈਂਸ ਵੀ ਦਿੱਤਾ : ਅਰਜੁਨ ਕਪੂਰ



ਅਰਜੁਨ ਕਪੂਰ ਨੇ ਅੱਠ ਸਾਲ ਪਹਿਲਾਂ ਇੰਡਸਟਰੀ ਵਿੱਚ ਫਿਲਮ 'ਇਸ਼ਕਜ਼ਾਦੇ' ਨਾਲ ਡੈਬਿਊ ਕੀਤਾ ਸੀ। ਮਈ 2012 ਨੂੰ ਰਿਲੀਜ਼ ਹੋਈ ਇਸ ਫਿਲਮ ਦੀ ਅੱਠਵੀਂ ਵਰ੍ਹੇਗੰਢ 'ਤੇ ਉਹ ਕਹਿੰਦੇ ਹਨ, ''ਇਸ ਫਿਲਮ ਦੀ ਸਫਲਤਾ ਅਤੇ ਪ੍ਰਸ਼ੰਸਾ ਤੋਂ ਵੱਧ ਮੇਰੇ ਲਈ ਇਹ ਮਾਇਨੇ ਰੱਖਦਾ ਹੈ ਕਿ ਇਸ ਨੇ ਮੈਨੂੰ ਖੁਦ 'ਤੇ ਵਿਸ਼ਵਾਸ ਕਰਨਾ ਸਿਖਾਇਆ। ਸ਼ੂਟਿੰਗ ਦੇ ਪਹਿਲੇ ਦਿਨ ਮੈਂ ਖੁਦ ਨੂੰ ਕਿਹਾ ਸੀ ਕਿ ਜੇ ਮੈਂ ਇਹ ਸਮਾਂ ਠੀਕ ਤਰ੍ਹਾਂ ਕੱਢ ਲਿਆ ਤਾਂ ਬਾਕੀ ਜ਼ਿੰਦਗੀ ਬਿਹਤਰ ਕਰਾਂਗਾ। ਹਰ ਦਿਨ ਉਹੀ ਕਰਦਾ ਰਿਹਾ, ਜਿਵੇਂ ਹਬੀਬ ਫੈਜ਼ਲ (ਡਾਇਰੈਕਟਰ) ਚਾਹੁੰਦੇ ਸਨ। ਜਦ ਫਿਲਮ ਪੂਰੀ ਕੀਤੀ ਅਤੇ ਇਸ ਨੂੰ ਦੇਖਿਆ ਤਾਂ ਮੈਨੂੰ ਅਹਿਸਾਸ ਹੋਇਆ ਕਿ ਮੈਂ ਕੈਮਰੇ ਦੇ ਸਾਹਮਣੇ ਹੋਲਡ ਕਰਨ ਦੀ ਸਮਰੱਥਾ ਰੱਖਦਾ ਹਾਂ। ਉਸ ਭਾਵਨਾ ਨੇ ਮੈਨੂੰ ਕਾਨਫੀਡੈਂਸ ਦਿੱਤਾ ਕਿ ਜੇ ਸਹੀ ਮੌਕੇ ਮਿਲੇ ਤਾਂ ਮੈਂ ਮੇਨਸਟ੍ਰੀਮ ਫਿਲਮਾਂ ਦੇ ਕਮਰਸ਼ਲ ਹੀਰੋ ਵਜੋਂ ਸਫਰ ਤੈਅ ਕਰ ਸਕਾਂਗਾ। ਓਦੋਂ ਇਹ ਆਤਮ ਵਿਸ਼ਵਾਸ ਮੇਰੇ ਲਈ ਸਭ ਤੋਂ ਵੱਧ ਮਾਇਨੇ ਰੱਖਦਾ ਸੀ ਤੇ ਇਸ ਲਈ ਮੈਂ 'ਇਸ਼ਕਜ਼ਾਦੇ' ਕੀਤੀ।'' ਅਰਜੁਨ ਦੇ ਆਪੋਜ਼ਿਟ ਇਸ ਫਿਲਮ ਵਿੱਚ ਪਰਿਣੀਤੀ ਚੋਪੜਾ ਨਜ਼ਰ ਆਈ ਸੀ।

## ਕਦੇ ਗੇਟ ਵੇਅ ਆਫ ਇੰਡੀਆ 'ਤੇ ਤਸਵੀਰਾਂ ਖਿੱਚਦੇ ਸਨ ਬੋਮਨ ਇਰਾਨੀ...



'ਮੁੰਨਾ ਭਾਈ ਐੱਮ ਬੀ ਬੀ ਐੱਸ', 'ਥ੍ਰੀ ਇਡੀਅਟਸ' ਅਤੇ 'ਪੀਕੇ' ਵਰਗੀਆਂ ਕਈ ਸੁਪਰਹਿੱਟ ਫਿਲਮਾਂ ਦੇ ਅਭਿਨੇਤਾ ਬੋਮਨ ਇਰਾਨੀ ਕਦੇ ਮੁੰਬਈ ਦੇ ਗੇਟ ਵੇਅ ਆਫ ਇੰਡੀਆ 'ਤੇ ਲੋਕਾਂ ਦੀਆਂ ਤਸਵੀਰਾਂ ਖਿੱਚਦੇ ਸਨ। ਉਨ੍ਹਾਂ ਨੇ ਅਭਿਨੇਤਾ ਵਿਸ਼ਾਲ ਮਲਹੋਤਰਾ ਦੇ ਨਾਲ ਸੋਸ਼ਲ ਮੀਡੀਆ 'ਤੇ ਲਾਈਵ ਗੱਲਬਾਤ ਦੇ ਦੌਰਾਨ ਆਪਣੇ ਸੰਘਰਸ਼ ਦੇ ਪੁਰਾਣੇ ਕਿੱਸੇ ਸਾਂਝੇ ਕੀਤੇ।

ਉਨ੍ਹਾਂ ਨੇ ਦੱਸਿਆ ਕਿ ਆਪਣੇ ਕਰੀਅਰ ਦੀ ਸ਼ੁਰੂਆਤ ਉਨ੍ਹਾਂ ਨੇ ਹੋਟਲ ਤਾਜ ਵਿੱਚ ਬਤੌਰ ਵੇਟਰ ਕੰਮ ਕਰਦੇ ਹੋਏ ਕੀਤੀ ਸੀ। ਇਸ ਦੌਰਾਨ ਹੋਟਲ ਵਿੱਚ ਮਿਲਣ ਵਾਲੀ ਟਿਪ ਦੇ ਪੈਸਿਆਂ ਤੋਂ ਉਨ੍ਹਾਂ ਨੇ ਇੱਕ ਕੈਮਰਾ ਖਰੀਦਿਆ ਅਤੇ ਹੋਟਲ ਵਿੱਚ ਕੰਮ ਕਰਨ ਦੇ ਬਾਅਦ ਉਹ ਗੇਟ ਵੇ ਆਫ ਇੰਡੀਆ ਦੇ ਸਾਹ-ਮਣੇ ਲੋਕਾਂ ਦੀਆਂ ਤਸਵੀਰਾਂ ਖਿੱਚ ਕੇ ਵੇਚਣ ਲੱਗੇ। ਇਸ ਤਰ੍ਹਾਂ ਪੈਸੇ ਇਕੱਠੇ ਕਰ ਕੇ ਉਨ੍ਹਾਂ ਨੇ ਮੁੰਬਈ ਵਿੱਚ ਹੀ ਆਪਣਾ ਇੱਕ ਫੋਟੋ ਸਟੂਡੀਓ ਖੋਲ੍ਹਿਆ। ਉਸ ਫੋਟੋ ਸਟੂਡੀਓ ਵਿੱਚ ਕੋਰੀਓਗਰਾਫਰ ਸ਼ਿਆਮਕ ਡਾਵਰ ਵੀ ਪੋਰਟਫੋਲੀਓ ਬਣਵਾਉਣ ਆਉਂਦੇ ਸਨ। ਹੌਲੀ ਹੌਲੀ ਦੋਵਾਂ ਦੀ ਦੋਸਤੀ ਹੋ ਗਈ। ਇੱਕ ਦਿਨ ਸ਼ਿਆਮਕ ਨੇ ਬੋਮਨ ਵਿੱਚ ਐਕਟਿੰਗ ਦੀ ਛੁਪੀ ਪ੍ਰਤਿਭਾ ਨੂੰ ਦੇਖਿਆ ਅਤੇ ਉਨ੍ਹਾਂ ਨੂੰ ਉਸ ਸਮੇਂ ਐਡ ਫਿਲਮਮੇਕਰ ਏਲੀਕ ਪਦਮਸੀ ਨੂੰ ਮਿਲਣ ਦੇ ਲਈ ਕਿਹਾ।

ਏਲੀਕ ਨੇ ਉਨ੍ਹਾਂ ਨੂੰ ਪਹਿਲੀ ਵਾਰ ਥੀਏਟਰ ਵਿੱਚ ਤਿੰਨ ਮਿੰਟ ਦਾ ਕਿਰਦਾਰ ਨਿਭਾਉਣ ਦਾ ਮੌਕਾ ਦਿੱਤਾ। ਉਸ ਦੇ ਬਾਅਦ ਤੋਂ ਬੋਮਨ ਦੀ ਐਕਟਰ ਬਣਨ ਦੀ ਕਹਾਣੀ ਅੱਗੇ ਵਧੀ ਅਤੇ ਉਨ੍ਹਾਂ ਨੇ ਕਈ ਹਿੱਟ ਫਿਲਮਾਂ ਵਿੱਚ ਕੰਮ ਕੀਤਾ। ਬੋਮਨ ਦਾ ਮੰਨਣਾ ਹੈ ਕਿ ਕੋਈ ਕੰਮ ਛੋਟਾ ਜਾਂ ਵੱਡਾ ਨਹੀਂ ਹੁੰਦਾ। ਇਨਸਾਨ ਦੀ ਸੋਚ ਛੋਟੀ-ਵੱਡੀ ਹੁੰਦੀ ਹੈ। ਆਉਂਦੇ ਦਿਨਾਂ ਵਿੱਚ ਬੋਮਨ ਫਿਲਮ '83' ਅਤੇ 'ਮੁੰਗੀਲਾਲ ਰਾਕਸ' ਵਰਗੀਆਂ ਫਿਲਮਾਂ ਵਿੱਚ ਨਜ਼ਰ ਆਉਣਗੇ।

## ਡਿਜੀਟਲ ਪਲੇਟਫਾਰਮ ਉੱਤੇ ਰਿਲੀਜ਼ ਹੋਵੇਗੀ 'ਲਛਮੀ ਬੰਬ'

ਸਿਨੇਮਾਘਰ ਬੰਦ ਹੋਣ ਕਾਰਨ ਕਈ ਨਿਰਮਾਤਾ ਡਿਜੀਟਲ ਪਲੇਟਫਾਰਮ ਵੱਲ ਰੁਖ਼ ਕਰ ਰਹੇ ਹਨ। ਅਕਸ਼ੈ ਕੁਮਾਰ ਦੀ ਫਿਲਮ 'ਲਛਮੀ ਬੰਬ' ਨੂੰ ਵੀ ਡਿਜੀਟਲ ਪਲੇਟਫਾਰਮ 'ਤੇ ਰਿਲੀਜ਼ ਕਰਨ ਦੀਆਂ ਖਬਰਾਂ ਮਿਲੀਆਂ ਹਨ। ਉਹ ਇਸ ਫਿਲਮ ਦੇ ਸਹਿ ਨਿਰਮਾਤਾ ਵੀ ਹਨ। ਕੁਝ ਦਿਨ ਪਹਿਲਾਂ ਉਨ੍ਹਾਂ ਨੇ ਫਿਲਮ ਦੇ ਸਹਿ ਨਿਰਮਾਤਾ ਤੁਸ਼ਰ ਕਪੂਰ ਅਤੇ ਫਕਾਸ ਸਟਾਰ ਸਟੂਡੀਓ ਦੇ ਅਧਿਕਾਰੀਆਂ ਨਾਲ ਵੀਡੀਓ ਕਾਲ ਦੇ ਰਾਹੀਂ ਬੈਠਕ ਕੀਤੀ ਅਤੇ ਸਾਰਿਆਂ ਨੇ ਫਿਲਮ ਨੂੰ ਡਿਜੀਟਲ ਪਲੇਟਫਾਰਮ 'ਤੇ ਰਿਲੀਜ਼ ਕਰਨ 'ਤੇ ਸਹਿਮਤੀ ਜਤਾਈ ਹੈ।

ਇਸ ਦੌਰਾਨ ਖਬਰਾਂ ਹਨ ਕਿ ਨਿਰਮਾਤਾਵਾਂ ਨੇ ਫਿਲਮ ਦੇ ਡਿਜੀਟਲ ਅਤੇ ਸੈਟੇਲਾਈਟ ਰਾਈਟਸ ਦਾ ਸਮਝੌਤਾ ਡਿਜਨੀ ਪਲੱਸ ਹੌਟਸਟਰ ਨਾਲ ਲਗਭਗ ਸੌ ਕਰੋੜ ਰੁਪਏ ਦਾ ਕੀਤਾ ਹੈ। ਜੇ ਏਦਾਂ ਹੋਵ ਤਾਂ ਸਿੱਧੇ ਡਿਜੀਟਲ ਪਲੇਟਫਾਰਮ 'ਤੇ ਰਿਲੀਜ਼ ਹੋਣ ਵਾਲੀ ਹਿੰਦੀ ਦੀ ਵੱਡੇ ਬਜਟ ਦੀ ਪਹਿਲੀ ਫਿਲਮ ਹੋਵੇਗੀ। ਇਸ ਦੀ ਅਧਿਕਾਰਕ ਪੁਸ਼ਟੀ ਨਹੀਂ ਹੋਈ ਹੈ। 'ਲਛਮੀ ਬੰਬ' ਨੂੰ ਸਲਮਾਨ ਖਾਨ ਦੀ ਫਿਲਮ 'ਰਾਧੇ ਯੋਰ ਮੋਸਟ ਵਾਂਟਿਡ ਭਾਈ' ਨਾਲ ਈਦ ਦੇ ਮੌਕੇ ਸਿਨੇਮਾਘਰਾਂ ਵਿੱਚ ਰਿਲੀਜ਼ ਕਰਨ ਦੀ ਯੋਜਨਾ ਸੀ, ਪਰ ਸਿਨੇਮਾਘਰ ਕਦੋਂ ਖੁੱਲ੍ਹਣਗੇ, ਪਤਾ ਨਹੀਂ। ਇਸ ਦੇ ਬਿਨਾ ਅਕਸ਼ੈ ਦੀ 'ਪ੍ਰਿਥਵੀਰਾਜ' ਵੀ ਰਿਲੀਜ਼ ਹੋਣੀ ਹੈ। 'ਸੂਰਿਆਵੰਸ਼ੀ' ਦੀ ਰਿਲੀਜ਼ ਪਹਿਲਾਂ ਟਲ ਚੁੱਕੀ ਹੈ। 'ਲਛਮੀ ਬੰਬ' ਰਾਘਵ ਲਾਰੈਂਸ ਨਿਰਦੇਸ਼ਿਤ ਤੇਲਗੂ ਫਿਲਮ 'ਮੁਨੀ 2 : ਕੰਚਨਾ' ਦਾ ਹਿੰਦੀ ਰੀਮੇਕ ਹੈ। ਅਕਸ਼ੈ ਇਸ ਵਿੱਚ ਕਿੰਨਰ ਦੀ ਭੂਮਿਕਾ ਵਿੱਚ ਹੋਣਗੇ।



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ

Flyer Distribution



ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 416-726-9409 647-208-7011

CALL TODAY FOR ANY CLASSIFIED OR MATRIMONIAL AD !!!
905-793-2202

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

Security Jobs - Security Guard Training - Licensing
GF1
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara)
647-710-7760
Email: info@gf1security.com
1085 Bellamy Rd (N) Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services:
- Complete Basement
- Tiles
- Bathrooms
- Plumbing
- Laminate
- Hardwood Floor
- Painting
A-1 RENOVATION GTA INC.
22 Listcreek Road, Brampton L6p 2n6

ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
AL EMPLOYMENT SERVICES INC
Looking for Experienced:
◦ Machine Operators ◦ AZ-DZ Drivers
◦ Forklift Driver ◦ Machine Mechanic
◦ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com



CELLNTELL DISTRIBUTION INC
1-401 Traders Blvd E, Mississauga. ON
Requires F/T Permanent Position. "General Manager Financial Communication and Services to do the following:
• Create and establish finance operational methods /policies or strategies by evaluating trends to increase the growth of business.
• Determine the company's mission and strategic direction as conveyed through policies and concrete objectives which are met through the effective management of human, financial and material resources
• Authorize and organize the establishment of major departments and associated senior staff positions
• Plan, Monitor and review job contributions and compensation strategies.
• Establish productivity, quality and customer service strategies.
• Conduct operation strategies to improve, reduce cost and system enhancement.
• Monitor and Manage support services for accounts and finance. Facilitate coordination and communication between support functions.
• Represent the organization, or delegate representatives to act in negotiations or other official functions.
Salary: $58 per hour with 35hrs week, Experience:5 yrs, Bachelor's Degree (Required) with English Proficiency.
Email Resume : umar.w@cellntell.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

You can Place Your Business Here
(905)793-2202
To Reach Wider Audience

## ਲੜਕੀ ਦੀ ਲੋੜ

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)



Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ।
ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉੱਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੂਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਕੱਦ 5 ਫੁੱਟ 3 ਇੰਚ, ਜਨਮ 1989, ਬੀ.ਐਡ., ਐਮ.ਏ ਈਕੋਨਾਮਿਕਸ, ਆਈਲੈਟਸ 'ਚ 6.5 ਬੈਂਡਜ਼ ਇਨ ਜਨਰਲ, ਜੋ ਕਿ 6 ਸਾਲ ਦਾ ਪੜ੍ਹਾਉਣ ਦਾ ਤਜਰਬਾ ਰੱਖਦੀ ਹੈ ਅਤੇ ਭਾਰਤ 'ਚ ਰਹਿ ਰਹੀ ਹੈ, ਲਈ ਕੈਨੇਡੀਅਨ ਪੀ.ਆਰ., ਸਪਾਂਸਰਸ਼ਿਪ, ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਲੜਕੀ ਦੀ ਭੈਣ ਕੈਨੇਡਾ ਵੈੱਲ ਸੈਟਲਡ ਹੈ। ਸੰਪਰਕ:- ਭਾਰਤ- 95925-26284, ਕੈਨੇਡਾ- 403-804-9345

ਲੁਬਾਣਾ ਸਿੱਖ ਪਰਿਵਾਰ, ਉੱਮਰ 26 ਸਾਲ, ਕੱਦ 5'5'', ਕੈਨੇਡੀਅਨ ਯੂਨੀਵਰਸਿਟੀ ਤੋਂ ਬੀ ਐਸ ਸੀ ਡੀਗਰੀ ਪ੍ਰਾਪਤ ਕੀਤੀ ਹੈ ਅਤੇ ਆਪਣੀ ਫੀਲਡ ਵਿੱਚ ਹੀ ਚੰਗੀ ਜੋਬ ਕਰ ਰਹੀ ਹੈ ਲਈ ਚੰਗੇ, ਯੋਗ ਅਤੇ ਪੜੇ ਲਿਖੇ ਲੜਕੇ ਦੀ ਲੋੜ ਹੈ। ਜੀ ਟੀ ਏ ਨੂੰ ਪਹਿਲ। ਕਾਲ ਕਰੋ : 647-938-9464

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਰਾਮਗੜ੍ਹੀਆ ਲੜਕੀ, 1986 ਦਾ ਜਨਮ, ਕੱਦ 5'2'', ਗੋਰਾ ਰੰਗ, ਯੋਗਤਾ ਐਮ.ਸੀ.ਏ., ਕੈਨੇਡੀਅਨ ਇਮੀਗ੍ਰਾਂਟ, ਆਈ.ਟੀ. ਕੰਪਨੀ ਟੋਰਾਂਟੋ ਵਿੱਚ ਪ੍ਰੋਫੈਸ਼ਨਲ ਅਤੇ ਚੰਗੀ ਪੋਸਟ 'ਤੇ ਜੌਬ ਕਰ ਰਹੀ, ਲਈ ਪੜ੍ਹੇ ਲਿਖੇ ਅਤੇ ਯੋਗ ਵਰ ਦੀ ਲੋੜ ਹੈ। ਲੜਕੀ ਦੀਆਂ ਦੋ ਭੈਣਾਂ, ਇੱਕ ਯੂ.ਕੇ. ਅਤੇ ਦੂਜੀ ਇੰਡੀਆ ਵਿੱਚ ਵੈਲ ਸੈਟਲਡ ਹਨ। ਕਿਰਪਾ ਕਰਕੇ ਲੜਕਾ ਆਪਣਾ ਅਤੇ ਆਪਣੇ ਪਰਿਵਾਰ ਦਾ ਸਾਰਾ ਵੇਰਵਾ ਆਪਣੀ ਫੋਟੋ ਸਮੇਤ ਭੇਜੇ। Email jeetsjandu@gmail.com ਜਾਂ ਸਾਨੂੰ ਵਟਸਐਪ ਨੰਬਰ ਤੇ ਸੰਪਰਕ ਕਰ ਸਕਦੇ ਹੋ: +919463328029

ਜਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3'', ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002

ਜਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1'', ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ।ਸੰਪਰਕ ਕਰੋ : 647-994-1985 । 416-494-9943

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca


ਜਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

AGE 24 YEAR, 5'8inch GIRL, JATT SIKH BRAR, INDIAN, Grade 12 , HOTEL AND MANAGEMENT DIPLOMA, Contact no 416 729 0140 , 289 541 5227, 4372361257.. CAME IN CANADA ON STUDY PERMIT ALL FAMILY IN CANADA

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

UPPAL LAW



AVTAR UPPAL
Manager
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters



AMAN UPPAL
Barrister,Solicitor
FREE Consultation
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜ਼ਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋਂ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
Call For FREE Estimate
ਹਰ ਤਰ੍ਹਾਂ ਦੀ ਵਧੀਆ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ



416.230.4000 • 647.409.1092
www.STARLANEPAINTING.com

